
T-10

ਸੋਹੰ ਹਰਿ ਸੋਹੰ



ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

ਟ੍ਰੈਕਟ ਨੰ: 10

# ਐਸੀ ਦਸਾ ਹਮਾਰੀ

ਪਹਿਲੀ ਵਾਰ—6000 ਫਰਵਰੀ—2003


ਪ੍ਰਕਾਸ਼ਕ :

ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ (ਪੰਜਾਬ)

ਹੈੱਡ-ਆਫਿਸ : ਐਨ. ਬੀ. 180, ਪ੍ਰੀਤ ਨਗਰ, ਸੋਢਲ ਰੋਡ, ਜਲੰਧਰ-4

ਸਬ-ਆਫਿਸ : ਪਿੰਡ ਤੇ ਡਾਕਖਾਨਾ ਬਿਨਪਾਲਕੇ ਨੇੜੇ ਭੋਗਪੁਰ, ਜ਼ਿਲ੍ਹਾ ਜਲੰਧਰ-144 201

ਕੀਮਤ—ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ



# ਐਸੀ ਦਸਾ ਹਮਾਰੀ

ਹੌਲੀ-ਹੌਲੀ ਦਲਿਤ ਸਾਹਿਤ ਦਾ ਘੇਰਾ ਵਿਸ਼ਾਲ ਹੋ ਰਿਹਾ ਹੈ। ਦਲਿਤ ਲੇਖਕਾਂ ਨੇ ਆਪਣੀ ਕਲਮ ਚਲਾਉਣੀ ਸ਼ੁਰੂ ਕੀਤੀ ਹੈ। ਕਈ ਅਖ਼ਬਾਰ, ਮੈਗ਼ਜ਼ੀਨ ਅਤੇ ਪੰਫਲੈਟ ਛਪ ਰਹੇ ਹਨ। ਕੁਝ ਡੇਰੇ ਵੀ ਇਸ ਪਾਸੇ ਰੁਚਿਤ ਹੋਏ ਹਨ। ਬਹੁਤ ਸਾਰੇ ਨਵੇਂ ਲੇਖਕ ਵੀ ਹੋਂਦ ਵਿਚ ਆਏ ਹਨ। ਕਈ ਸੁਸਾਇਟੀਆਂ ਵੀ ਸਰਗਰਮ ਹੋ ਰਹੀਆਂ ਹਨ। ਇਹ ਸਭ ਚੰਗਾ ਉੱਦਮ ਹੈ। ਅਸੀਂ ਸਾਰਿਆਂ ਦਾ ਸਤਿਕਾਰ ਕਰਦੇ ਹਾਂ। ਸਤਿਗੁਰੂ ਮਹਾਰਾਜ ਸ੍ਰੀ ਗੁਰੂ ਰਵਿਦਾਸ ਜੀ ਸਾਡੇ ਉੱਤੇ ਮਿਹਰ ਕਰਨ ਅਤੇ ਅਸੀਂ ਸਮਾਜ ਦੀ ਹੋਰ ਸੇਵਾ ਕਰਨ ਦੇ ਸਮਰੱਥ ਹੋ ਸਕੀਏ।

ਅਸੀਂ ਪ੍ਰਚਾਰ ਤੋਂ ਬਹੁਤ ਪਛੜੇ ਹੋਏ ਹਾਂ। ਸਮਝਿਆ ਜਾਵੇ ਤਾਂ ਸਾਡੀ ਅਜੇ ਸ਼ੁਰੂਆਤ ਹੀ ਹੈ। ਇਸ ਪਾਸੇ ਸਾਨੂੰ ਇਕਮਤ ਹੋ ਕੇ ਚੱਲਣ ਦੀ ਜ਼ਰੂਰਤ ਹੈ। ਇਕਮਤ ਹੋਣਾ ਬਹੁਤ ਜ਼ਰੂਰੀ ਹੈ। ਇਕਮਤ ਹੋਣ ਲਈ ਸਾਨੂੰ ਠਰੰਮ੍ਹੇ ਦੀ ਜ਼ਰੂਰਤ ਹੈ—ਵਿਸ਼ਾਲ ਸੋਚ ਦੀ ਜ਼ਰੂਰਤ ਹੈ। ਪਰ ਕਈ ਲੇਖਕ ਫ਼ਜ਼ੂਲ ਦੀ ਬਹਿਸ ਵਿਚ ਪੈ ਕੇ ਸਮਾਂ ਬਰਬਾਦ ਕਰ ਰਹੇ ਹਨ। ਉਹ ਸਮੁੱਚੀ ਕੌਮ ਨੂੰ ਵੀ ਭੰਬਲ-ਭੂਸੇ ਵਿਚ ਪਾ ਰਹੇ ਹਨ। ਸਾਨੂੰ ਚਾਹੀਦਾ ਹੈ ਕਿ ਸ੍ਰੀ ਗੁਰੂ ਰਵਿਦਾਸ ਜੀ ਦੇ ਮਿਸ਼ਨ ਨੂੰ ਘਰ-ਘਰ ਪਹੁੰਚਾਈਏ ਤੇ ਸਮਾਜ ਵਿਚੋਂ ਭੈੜੀਆਂ ਕੁਰੀਤੀਆਂ ਨੂੰ ਦੂਰ ਕਰਨ ਦਾ ਉਪਰਾਲਾ ਕਰੀਏ। ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਸਾਡੇ ਲਈ ਇਕ ਚਾਨਣ-ਮੁਨਾਰਾ ਹੈ। ਇਸ ਚਾਨਣ-ਮੁਨਾਰੇ ਤੋਂ ਰੌਸ਼ਨੀ ਲੈ ਕੇ ਅਸੀਂ ਆਪਣਾ ਆਪਾ ਰੁਸ਼ਨਾ ਸਕਦੇ ਹਾਂ।

ਸੋਚਣ ਦੀ ਲੋੜ ਹੈ ਕਿ ਅਸੀਂ ਸਦੀਆਂ ਪਹਿਲਾਂ ਕਿਹੋ ਜਿਹੀ ਜ਼ਿੰਦਗੀ ਬਸਰ ਕਰ ਰਹੇ ਸਾਂ। ਅੱਜ ਕਿਹੋ ਜਿਹੀ ਜ਼ਿੰਦਗੀ ਹੈ ਤੇ ਅੱਗੋਂ ਆਉਣ ਵਾਲੇ ਸਮੇਂ ਵਿਚ ਸਾਡੀ ਜ਼ਿੰਦਗੀ ਕਿਹੋ ਜਿਹੀ ਹੋਣੀ ਚਾਹੀਦੀ ਹੈ। 'ਐਸੀ ਦਸਾ ਹਮਾਰੀ' ਪੈਂਫਲੈਟ ਵਿਚ ਕੁਝ ਅਜਿਹੇ ਨੁਕਤਿਆਂ ਉੱਤੇ ਹੀ ਵਿਚਾਰ ਕੀਤਾ ਗਿਆ ਹੈ। ਇਨ੍ਹਾਂ ਵਿਚਾਰਾਂ ਉੱਤੇ ਅਮਲ ਕਰਕੇ ਅਸੀਂ ਆਪਣਾ ਆਪ ਸਵਾਰ ਸਕਦੇ ਹਾਂ।

ਇਹ ਸੰਸਥਾ ਇਕ ਛੋਟੀ ਜਿਹੀ ਕਰੂੰਬਲ ਵਾਂਗ ਫੁੱਟੀ ਹੈ। ਇਸ ਵਲੋਂ ਹੁਣ ਤੱਕ 9 ਪੈਂਫਲੈਟ ਛਾਪੇ ਗਏ ਹਨ। 'ਐਸੀ ਦਸਾ ਹਮਾਰੀ' ਦਸਵਾਂ ਪੈਂਫਲੈਟ ਹੈ। ਹੁਣ ਇਹ ਸੰਸਥਾ ਪੰਜਾਬ ਪੱਧਰ ਉੱਤੇ ਬਣਾਈ ਗਈ ਹੈ ਅਤੇ ਇਸ ਦਾ ਬਾਕਾਇਦਾ ਸੰਵਿਧਾਨ-ਬਣਾਇਆ ਗਿਆ ਹੈ। ਇਸ ਦੀ ਚੋਣ ਵੀ ਕੀਤੀ ਗਈ ਹੈ।

ਆਸ ਕਰਦੇ ਹਾਂ ਕਿ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ (ਪੰਜਾਬ) ਵਲੋਂ ਕੀਤਾ ਗਿਆ ਇਹ ਨਿਗੂਣਾ ਜਿਹਾ ਯਤਨ ਕੌਮ ਨੂੰ ਕੋਈ ਸੇਧ ਦੇ ਸਕੇ।

ਦਾਸਰਾ :

ਮਿਤੀ : 16-2-2003

—ਰਛਪਾਲ ਸਿੰਘ ਬੱਧਣ
ਐਨ. ਬੀ. 180, ਪ੍ਰੀਤ ਨਗਰ,
ਸੋਢਲ ਰੋਡ, ਜਲੰਧਰ। ਫੋਨ-0181-2490309

# ਬਿਲਾਵਲੁ ਬਾਣੀ ਰਵਿਦਾਸ ਭਗਤ ਕੀ

ੴ ਸਤਿਗੁਰ ਪ੍ਰਸਾਦਿ॥

ਦਾਰਿਦੁ ਦੇਖਿ ਸਭ ਕੋ ਹਸੈ, ਐਸੀ ਦਸਾ ਹਮਾਰੀ॥
ਅਸਟ ਦਸਾ ਸਿਧਿ ਕਰ ਤਲੈ, ਸਭ ਕ੍ਰਿਪਾ ਤੁਮਾਰੀ॥ ੧॥
ਤੂ ਜਾਨਤ ਮੈ ਕਿਛੁ ਨਹੀ ਭਵ ਖੰਡਨ ਰਾਮ॥
ਸਗਲ ਜੀਅ ਸਰਨਾਗਤੀ, ਪ੍ਰਭ ਪੂਰਨ ਕਾਮ॥ ੧॥ ਰਹਾਉ॥
ਜੋ ਤੇਰੀ ਸਰਨਾਗਤਾ ਤਿਨ ਨਾਹੀ ਭਾਰੁ॥
ਊਚ ਨੀਚ ਤੁਮ ਤੇ ਤਰੇ ਆਲਜੁ ਸੰਸਾਰੁ॥ ੨॥
ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ॥
ਜੈਸਾ ਤੂ ਤੈਸਾ ਤੂਹੀ ਕਿਆ ਉਪਮਾ ਦੀਜੈ॥ ੩॥ ੧॥

(ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੮੫੮)

ਸ਼ਬਦ ਅਰਥ :—ਹੇ ਪ੍ਰਭੂ! ਮੇਰੀ ਅਤਿ ਦੀ ਗਰੀਬੀ ਕਾਰਣ ਬਣੀ ਹਾਸੋ-ਹੀਣੀ ਹਾਲਤ ਨੂੰ ਦੇਖ ਕੇ ਲੋਕ ਮਖੌਲ ਕਰਦੇ ਸਨ। ਪਰ ਹੁਣ ਹੇ ਪ੍ਰਭੂ! ਤੇਰੀ ਬਖ਼ਸ਼ਿਸ਼ ਕਾਰਣ ਅਠਾਰਾਂ ਸਿੱਧੀਆਂ ਭਾਵ ਹਰ ਕਿਸਮ ਦੀਆਂ ਨਿਯਾਮਤਾਂ ਮੇਰੀ ਪਹੁੰਚ ਵਿਚ ਹਨ। ੧।

ਇਸ ਲਈ ਹੇ ਜਨਮ-ਮਰਨ ਦੇ ਗੇੜ ਨੂੰ ਨਾਸ਼ ਕਰਨ ਵਾਲੇ ਪ੍ਰਭੂ! ਤੂੰ ਜਾਣਦਾ ਹੀ ਹੈਂ ਕਿ ਮੈਂ ਕੁਝ ਵੀ ਨਹੀਂ ਹਾਂ, ਮੇਰੀ ਕੋਈ ਵੁੱਕਤ ਨਹੀਂ ਹੈ। ਇਸ ਲਈ ਜਿਵੇਂ ਤੂੰ ਮੇਰੇ 'ਤੇ ਬਖ਼ਸ਼ਿਸ਼ ਕੀਤੀ ਹੈ ਤਿਵੇਂ ਜਿਹੜੇ ਵੀ ਤੇਰੀ ਸ਼ਰਨ ਆਉਂਦੇ ਹਨ, ਤੂੰ ਉਨ੍ਹਾਂ ਸਾਰਿਆਂ ਦੀਆਂ ਕਾਮਨਾਵਾਂ ਪੂਰੀਆਂ ਕਰਦਾ ਹੈਂ। ੧। ਰਹਾਉ।

ਇਸ ਤਰ੍ਹਾਂ ਹੇ ਪ੍ਰਭੂ! ਜੋ ਵੀ ਤੇਰੀ ਸ਼ਰਨ ਆਉਂਦਾ ਹੈ, ਭਾਵੇਂ ਉਹ ਗਰੀਬ ਹੈ ਜਾਂ ਅਮੀਰ, ਉੱਚਾ ਹੈ ਜਾਂ ਨੀਵਾਂ, ਇਸ ਜੰਜਾਲਾਂ ਭਰੇ ਸੰਸਾਰ ਤੋਂ, ਉਹ ਤੇਰੀ ਮਿਹਰ ਸਦਕਾ ਵਿਕਾਰਾਂ ਦੇ ਬੋਝ ਤੋਂ ਮੁਕਤ ਹੋ ਜਾਂਦੇ ਹਨ ਅਤੇ ਪ੍ਰਭੂ ਨੂੰ ਪ੍ਰਾਪਤ ਹੋ ਜਾਂਦੇ ਹਨ। ੨।

ਇਸ ਤਰ੍ਹਾਂ ਪ੍ਰਭੂ ਦੀਆਂ ਅਨੰਤ ਬਖ਼ਸ਼ਿਸ਼ਾਂ ਸਦਕਾ ਗੁਰੂ ਰਵਿਦਾਸ ਜੀ ਫਿਰ ਫ਼ੁਰਮਾਉਂਦੇ ਹਨ ਕਿ ਹੇ ਪ੍ਰਭੂ! ਤੇਰੀਆਂ ਅਨੰਤ ਬਖ਼ਸ਼ਿਸ਼ਾਂ ਦਾ ਕਥਨ ਨਹੀਂ ਕੀਤਾ ਜਾ ਸਕਦਾ, ਬਹੁਤਾ ਕਹਿ ਕਹਿ ਕੇ ਅਸੀਂ ਕੀ ਕਰ ਲੈਣਾ ਹੈ? ਭਾਵ ਪ੍ਰਭੂ ਦੀਆਂ ਅਨੰਤ ਕਥਾਵਾਂ ਨੂੰ ਕਹਿਣ ਦੀ ਕਿਸੇ ਵਿਚ ਵੀ ਸਮਰਥਾ ਨਹੀਂ ਹੈ। ਅਸੀਂ ਬਸ ਐਨਾ ਹੀ ਕਹਿ ਸਕਦੇ ਹਾਂ ਕਿ ਤੇਰੇ ਵਰਗਾ ਕੇਵਲ ਤੇ ਕੇਵਲ ਤੂੰ ਹੀ ਹੈਂ, ਇਸ ਕਰਕੇ ਤੇਰੀ ਉਪਮਾ ਕਿਸੇ ਨਾਲ ਵੀ ਨਹੀਂ ਕੀਤੀ ਜਾ ਸਕਦੀ। ੩।

ਵਿਆਖਿਆਕਾਰ :-ਪ੍ਰੋ. ਲਾਲ ਸਿੰਘ,
576, ਨਿਊ ਮਾਡਲ ਹਾਊਸ, ਜਲੰਧਰ।

* * *

# ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰੂ ਕੌਣ ?

—ਮਹਿੰਦਰ ਸੰਧੂ, ਮਹੇੜੂ

ਭਾਰਤ ਦੇਸ਼ ਵਿਚ ਜਾਤ-ਪਾਤ ਦੇ ਘਟੀਆ ਸਿਲਸਿਲੇ ਦੇ ਕਾਰਨ ਭਾਰਤ 'ਚ ਇਕੱਲਾ ਬ੍ਰਾਹਮਣਵਾਦ ਨੇ ਦਲਿਤ ਸਮਾਜ ਦੇ ਲੋਕਾਂ ਨੂੰ ਹੀ ਨਹੀਂ ਕੁਚਲਿਆ, ਸਗੋਂ ਜਾਤ ਦੇ ਠੇਕੇਦਾਰਾਂ ਨੇ ਨੀਵੀਆਂ ਸਮਝੀਆਂ ਜਾਂਦੀਆਂ ਕੌਮਾਂ 'ਚ ਪੈਦਾ ਹੋਏ ਮਹਾਂਪੁਰਸ਼ ਸਤਿਗੁਰੂ ਬਾਲਮੀਕਿ ਜੀ, ਸਤਿਗੁਰੂ ਕਬੀਰ ਸਾਹਿਬ ਜੀ, ਸਤਿਗੁਰ ਨਾਮਦੇਵ ਜੀ ਅਤੇ ਸਤਿਗੁਰ ਰਵਿਦਾਸ ਜੀ ਆਦਿ ਨਾਲ ਵੀ ਨਫ਼ਰਤ ਕੀਤੀ ਅਤੇ ਉਨ੍ਹਾਂ ਦੇ ਜੀਵਨ-ਇਤਿਹਾਸ ਨੂੰ ਇਹੋ ਜਿਹਾ ਤੋੜ-ਮਰੋੜ ਕੇ ਪੇਸ਼ ਕੀਤਾ ਕਿ ਉਹ ਹੁਣ ਇਕੱਲੇ ਦਲਿਤਾਂ ਦੇ ਗੁਰੂ ਬਣ ਕੇ ਰਹਿ ਗਏ ਹਨ, ਜਦਕਿ ਸਤਿਗੁਰੂ ਬਾਲਮੀਕਿ ਜੀ, ਸਤਿਗੁਰੂ ਕਬੀਰ ਜੀ ਅਤੇ ਸਤਿਗੁਰੂ ਰਵਿਦਾਸ ਜੀ ਸਮੁੱਚੀ ਮਾਨਵ ਜਾਤੀ ਨੂੰ ਸਰਬ ਸਾਂਝਾ ਉਪਦੇਸ਼ ਕਰਨ ਵਾਲੇ ਮਹਾਨ ਗੁਰੂ ਹੋਏ ਹਨ। ਕਈ ਸਦੀਆਂ ਬੀਤਣ ਤੋਂ ਪਿੱਛੋਂ ਵੀ ਅਜੇ ਵੀ ਜਾਤਿ ਕਰਕੇ ਕਿਸੇ ਲੇਖਕ ਨੇ ਵੀ ਨੀਵੀਆਂ ਜਾਤਾਂ 'ਚ ਪੈਦਾ ਹੋਏ ਸਤਿਗੁਰਾਂ ਦੇ ਜੀਵਨ ਇਤਿਹਾਸ ਨੂੰ ਸਹੀ ਲਿਖ ਕੇ ਉਪਰਾਲਾ ਨਹੀਂ ਕਰ ਵਿਖਾਇਆ। ਜੇ ਕਿਸੇ ਲੇਖਕ ਨੇ ਕੁਝ ਲਿਖਿਆ ਉਸਨੇ ਗੁਰੂ ਸਾਹਿਬਾਨ ਦੇ ਜੀਵਨ ਨਾਲ ਮਨਘੜ੍ਹਤ ਕਹਾਣੀਆਂ ਜੋੜ ਦਿੱਤੀਆਂ ਹਨ, ਜੋ ਮੰਨਣਯੋਗ ਨਹੀਂ। ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਜੀਵਨ ਨਾਲ ਵੀ ਬਹੁਤ ਮਨਘੜ੍ਹਤ ਕਹਾਣੀਆਂ ਪ੍ਰਸਿੱਧ ਹੋ ਚੁੱਕੀਆਂ ਹਨ, ਉਨ੍ਹਾਂ ਕਹਾਣੀਆਂ 'ਚ ਸੰਤ ਰਾਮਾਨੰਦ ਜੀ ਦੇ ਸ਼ਿਸ਼ ਗੁਰੂ ਰਵਿਦਾਸ ਵਾਲੀ ਮਨਘੜ੍ਹਤ ਕਹਾਣੀ ਨੂੰ ਦਾਸ ਪਾਠਕਾਂ ਦੇ ਧਿਆਨ ਵਿਚ ਲਿਆ ਕੇ ਇਹ ਦੱਸਣਾ ਚਾਹੁੰਦਾ ਹੈ ਕਿ ਗੁਰੂ ਰਵਿਦਾਸ ਜੀ ਦੇ ਗੁਰੂ ਕੌਣ ਸਨ ?

ਕਿਹਾ ਜਾਂਦਾ ਹੈ ਕਿ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਪਿਛਲੇ ਜਨਮ ਵਿਚ ਸੰਤ ਰਾਮਾਨੰਦ ਜੀ ਦੇ ਚੇਲੇ ਸਨ। ਬੇਸ਼ੁਮਾਰ ਲੇਖਕਾਂ ਨੇ ਆਪਣੀਆਂ ਲਿਖੀਆਂ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਬਾਰੇ ਪੁਸਤਕਾਂ ਵਿਚ ਜ਼ਿਕਰ ਕੀਤਾ ਹੋਇਆ ਹੈ ਕਿ ਪਿਛਲੇ ਜਨਮ ਵਿਚ ਭਗਤ ਰਵਿਦਾਸ ਜੀ ਆਪਣੇ ਗੁਰੂ ਰਾਮਾਨੰਦ ਨੂੰ ਰੋਜ਼ਾਨਾ ਉੱਚੀਆਂ ਜਾਤਾਂ ਦੇ ਘਰੋਂ ਭੀਖ ਮੰਗ ਕੇ ਭੋਜਨ ਛਕਾਇਆ ਕਰਦੇ ਸਨ। ਇਕ ਦਿਨ ਬ੍ਰਾਹਮਣ ਰਵਿਦਾਸ ਪਾਸੋਂ ਬੜਾ ਵੱਡਾ ਪਾਪ ਹੋ ਗਿਆ। ਉਨ੍ਹਾਂ ਨੂੰ ਕਿਧਰੇ ਵੀ ਭੀਖ ਪ੍ਰਾਪਤ ਨਾ ਹੋਈ। ਆਖਰ ਉਨ੍ਹਾਂ ਨੇ ਸ਼ੂਦਰ ਦੇ ਘਰੋਂ ਭੋਜਨ ਲਿਆ ਕੇ ਗੁਰਦੇਵ ਰਾਮਾਨੰਦ ਜੀ ਨੂੰ ਛਕਾ ਦਿੱਤਾ। ਪਤਾ ਚੱਲਣ 'ਤੇ ਸੰਤ ਰਾਮਾਨੰਦ ਜੀ ਨੇ ਗੁੱਸੇ ਵਿਚ ਆ ਕੇ ਆਪਣੇ ਸੇਵਕ ਰਵਿਦਾਸ ਨੂੰ ਸਰਾਪ ਦੇ ਦਿੱਤਾ ਕਿ ਤੇਰਾ ਅਗਲਾ ਜਨਮ ਸ਼ੂਦਰਾਂ ਦੇ ਘਰ ਵਿਚ ਹੋਵੇਗਾ। ਜਦ ਬ੍ਰਾਹਮਣ ਦੇ ਚੇਲੇ ਰਵਿਦਾਸ ਦਾ ਦੂਸਰਾ ਜਨਮ ਚਮਾਰਾਂ ਦੇ ਘਰ ਹੋਇਆ, ਬਾਲਕ ਰਵਿਦਾਸ ਨੇ ਮਾਂ ਦਾ ਦੁੱਧ ਨਾ ਪੀਤਾ। ਇਸ ਤਰ੍ਹਾਂ ਕਈ ਦਿਨ ਬੀਤ ਗਏ। ਫਿਰ ਇਕ ਦਿਨ ਭਗਵਾਨ ਬ੍ਰਾਹਮਣ ਸੰਤ ਰਾਮਾਨੰਦ ਸ਼ੂਦਰਾਂ ਦੇ ਘਰ ਆਏ ਤੇ ਬਾਲਕ ਰਵਿਦਾਸ ਜੀ ਦੇ ਕੰਨ 'ਚ ਕਿਹਾ, "ਪਿਆਰੇ ਦੁੱਧ ਪੀ ਲੈ॥ ਤੂੰ ਪਹਿਲੇ ਜਨਮ ਵਿਚ ਬ੍ਰਾਹਮਣ ਸੀ।" ਜੋ ਇਸ ਤਰ੍ਹਾਂ ਦੀ ਕਹਾਣੀ ਲੇਖਕਾਂ ਨੇ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਇਤਿਹਾਸ ਨਾਲ ਜੋੜੀ ਹੋਈ ਹੈ, ਗ਼ਲਤ ਹੈ, ਨਿਰਾ ਝੂਠ ਹੈ। ਇਸ ਕਹਾਣੀ ਦੇ ਨਾਲ ਵਿਦਵਾਨ ਲੇਖਕ ਵਾਰਤਕਕਾਰ ਡਾ: ਲੇਖ ਰਾਜ ਪਰਵਾਨਾ, ਡਾ: ਅਵਤਾਰ ਸਿੰਘ ਲੁਧਿਆਣਾ ਅਤੇ ਰਛਪਾਲ ਸਿੰਘ ਬੱਧਣ ਆਦਿ ਸਹਿਮਤ ਨਹੀਂ ਹਨ। ਇਨ੍ਹਾਂ ਲੇਖਕਾਂ ਨੇ ਆਪਣੀਆਂ ਰਚਨਾਵਾਂ ਵਿਚ ਸਖ਼ਤ ਵਿਰੋਧ ਕੀਤਾ ਹੋਇਆ ਹੈ ਅਤੇ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਬਾਰੇ ਲਿਖਤਾਂ ਲਿਖ ਕੇ ਸਿੱਧ ਕਰ ਵਿਖਾਇਆ ਹੈ ਕਿ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦਾ ਗੁਰੂ ਪਾਰਬ੍ਰਹਮ, ਪ੍ਰਮਾਤਮਾ ਹੈ ਨਾ ਕਿ ਸੰਤ ਰਾਮਾਨੰਦ ਜੀ।

ਆਉ ਹੁਣ ਆਪਾਂ ਵਿਚਾਰ ਕਰਦੇ ਹਾਂ ਕਿ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦਾ ਗੁਰੂ ਕੌਣ ਹੈ ? ਉਨ੍ਹਾਂ ਨੇ 151 ਸਾਲ ਦੀ ਉਮਰ ਵਿਚ ਕਿਸ ਗੁਰੂ ਦੀ ਉਪਾਸਨਾ ਕੀਤੀ ਅਤੇ ਸੰਗਤ ਨੂੰ ਕਿਸ

ਗੁਰੂ ਦੇ ਨਾਮ ਦਾ ਸਿਮਰਨ ਕਰਨ ਦਾ ਉਪਦੇਸ਼ ਦਿੱਤਾ ? ਇਨ੍ਹਾਂ ਗੱਲਾਂ ਦੇ ਜੁਆਬ ਉਨ੍ਹਾਂ ਦੀ ਅੰਮ੍ਰਿਤ ਬਾਣੀ ਵਿਚੋਂ ਮਿਲਦੇ ਹਨ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਸੁਭਾਇਮਾਨ ਹੈ।

ਸਾਰੀ ਸ੍ਰਿਸ਼ਟੀ ਦਾ ਕਰਤਾ ਧਰਤਾ ਪ੍ਰਮਾਤਮਾ ਆਪ ਹੈ, ਪ੍ਰਮਾਤਮਾ ਦੇ ਘਰ ਕੋਈ ਜਾਤ-ਪਾਤ ਨੂੰ ਸਥਾਨ ਪ੍ਰਾਪਤ ਨਹੀਂ। ਜੇਕਰ ਪ੍ਰਮਾਤਮਾ ਨੇ ਜਾਤ-ਪਾਤ ਬਣਾਈ ਹੁੰਦੀ, ਫਿਰ ਬਾਣੀ ਵਿਚ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ, ਸਾਹਿਬ ਸ੍ਰੀ ਗੁਰੂ ਕਬੀਰ ਜੀ, ਸਾਹਿਬ ਸ੍ਰੀ ਗੁਰੂ ਨਾਮਦੇਵ ਜੀ ਮਹਾਰਾਜ ਵਰਗੇ ਮਹਾਂਪੁਰਸ਼ਾਂ ਨੇ ਜਾਤਿ-ਪਾਤ ਦਾ ਵਿਰੋਧ ਕਰਕੇ ਪ੍ਰਮਾਤਮਾ ਦੇ ਸਿਧਾਂਤ ਦੀ ਉਲੰਘਣਾ ਨਹੀਂ ਸੀ ਕਰਨੀ। ਗੁਰੂ ਸਾਹਿਬਾਨ ਦੇ ਅਨੁਸਾਰ ਸਭ ਜੀਵ ਪ੍ਰਮਾਤਮਾ ਦੀ ਅੰਸ਼ ਹਨ, ਅਸਲੀ ਬ੍ਰਾਹਮਣ ਗਿਆਨੀ ਬ੍ਰਾਹਮਣ ਉਹੀ ਹੈ, ਜੋ ਆਪ ਇਕ 'ਹਰਿ' ਦੀ ਉਪਾਸਨਾ ਕਰਕੇ ਦੂਸਰਿਆਂ ਦੇ ਜੀਵਨ ਦਾ ਕਲਿਆਣ ਕਰੇ। ਨਾ ਹੀ ਕਿਸੇ ਜੀਵ ਦੇ ਮੱਥੇ ਉੱਪਰ ਲਿਖਿਆ ਹੋਇਆ ਹੈ ਕਿ ਪ੍ਰਭੂ ਸਿਮਰਨ ਬ੍ਰਾਹਮਣ ਖੱਤਰੀ ਤੇ ਵੈਸ਼ ਲੋਕ ਹੀ ਕਰ ਸਕਦੇ ਹਨ ਜਾਂ ਪ੍ਰਮਾਤਮਾ ਵਲੋਂ ਸ਼ੂਦਰਾਂ ਨੂੰ ਭਗਤੀ ਕਰਨ ਦੀ ਮਨਾਹੀ ਹੈ, ਜੇ ਪ੍ਰਮਾਤਮਾ ਵਲੋਂ ਸ਼ੂਦਰਾਂ ਨੂੰ ਭਗਤੀ ਕਰਨ ਦੀ ਮਨਾਹੀ ਹੁੰਦੀ ਫਿਰ 'ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ' ਵਾਲੇ ਰੱਬ ਨੇ ਸ਼ੂਦਰ ਦੀ ਲਾਜ ਰੱਖਣ ਦੇ ਲਈ ਪਾਣੀ ਉਪਰ ਪੱਥਰ ਨਹੀਂ ਸੀ ਤਰਾਉਣ ਆਉਣਾ। ਇਹ ਸਭ ਕੌਤਕ ਉਨ੍ਹਾਂ ਦੇ ਸੱਚੇ ਪ੍ਰਮਾਤਮਾ ਪਾਰਬ੍ਰਹਮ ਗੁਰੂ ਦੇ ਹੀ ਹਨ।

ਹੁਣ ਇਸ ਮਨਘੜ੍ਹਤ ਕਥਾ ਵੱਲ ਜ਼ਰਾ ਧਿਆਨ ਦਿਉ। ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਨੇ ਸੰਤ ਰਾਮਾਨੰਦ ਜੀ ਨੂੰ ਬ੍ਰਾਹਮਣਾਂ ਦੇ ਘਰੋਂ ਭੋਜਨ ਨਾ ਮਿਲਣ ਕਰਕੇ ਸ਼ੂਦਰ ਦੇ ਘਰੋਂ ਭੋਜਨ ਲੈ ਕੇ ਗੁਰਦੇਵ ਦਾ ਪੇਟ ਭਰਿਆ। ਗੁਰਦੇਵ ਨੇ ਚੇਲੇ ਦਾ ਧੰਨਵਾਦ ਕਰਨ ਦੀ ਬਜਾਇ ਸਰਾਪ ਦੇ ਦਿੱਤਾ ਕਿ ਤੇਰਾ ਅਗਲਾ ਜਨਮ ਸ਼ੂਦਰਾਂ ਦੇ ਘਰ ਹੋਵੇਗਾ। ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਕੀ ਪ੍ਰਮਾਤਮਾ ਆਪ ਮਨੁੱਖਤਾ ਦੀ ਵੰਡ ਕਰਨਾ ਚਾਹੁੰਦਾ ਸੀ ? ਕਿਵੇਂ ? ਇਕ ਸੰਤ ਦੀ ਬੇਨਤੀ ਉੱਪਰ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਨੂੰ ਖਤਮ ਕਰਕੇ ਦੂਸਰੀ ਵਾਰੀ ਚਮਾਰਾਂ ਦੇ ਘਰ ਪੈਦਾ ਕਰ ਦੇਵੇਗਾ। ਜੇਕਰ ਪ੍ਰਮਾਤਮਾ ਐਸਾ ਕਰ ਸਕਦਾ ਫਿਰ ਭੋਜਨ ਖਾਣ ਤੋਂ ਪਹਿਲਾਂ ਕਿਉਂ ਨਹੀਂ ਪਤਾ ਲੱਗਾ ਕਿ ਭੋਜਨ ਸ਼ੂਦਰਾਂ ਦੇ ਘਰੋਂ ਆਇਆ ਹੈ ਤੇ ਬ੍ਰਾਹਮਣ ਦੇ ਖਾਣ ਲਾਇਕ ਨਹੀਂ। ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਬ੍ਰਾਹਮਣ ਦਾ ਚੇਲਾ ਸ਼ੂਦਰਾਂ ਦੇ ਘਰੋਂ ਭੋਜਨ ਕਿਵੇਂ ਲੈਣ ਜਾ ਸਕਦਾ ਹੈ ? ਉਹ ਵੀ 13ਵੀਂ 14ਵੀਂ ਸਦੀ ਸਮੇਂ। ਹੁਣ ਵੀ ਬਨਾਰਸ ਵਿਚ ਜਾਤ-ਪਾਤ ਦੇ ਕਰਕੇ ਦਲਿਤਾਂ ਉਪਰ ਇੰਨਾ ਜ਼ੁਲਮ ਹੋ ਰਿਹਾ ਹੈ, ਜਿਸ ਦਾ ਅੰਦਾਜ਼ਾ ਲਾਉਣਾ ਮੁਸ਼ਕਿਲ ਹੈ। ਮੈਂ ਸੰਨ 1996 ਵਿਚ ਡੇਰਾ ਸੱਚ ਖੰਡ ਬੱਲਾਂ ਦੇ ਸੰਤਾਂ ਨਾਲ 'ਬੇਗਮਪੁਰਾ' ਸ੍ਰੀ ਗੁਰੂ ਰਵਿਦਾਸ ਜੀ ਦਾ ਜਨਮ ਸਥਾਨ ਸੀਰ ਗੋਵਰਧਨਪੁਰ ਮੰਦਿਰ ਦੇ ਦਰਸ਼ਨ ਦੀਦਾਰ ਕਰਨ ਗਿਆ ਸੀ, ਉਥੇ ਅਜੇ ਵੀ ਮੰਦਿਰ ਨੇੜੇ ਇਕ ਖੂਹ ਹੈ, ਜਿਥੋਂ ਦਲਿਤਾਂ ਨੂੰ ਪਾਣੀ ਭਰਨ ਦੀ ਮਨਾਹੀ ਹੈ। ਫਿਰ ਸੋਚੋ ਬ੍ਰਾਹਮਣ ਦਾ ਚੇਲਾ ਬ੍ਰਾਹਮਣ 13ਵੀਂ, 14ਵੀਂ ਸਦੀ ਸਮੇਂ ਕਿਵੇਂ ਸ਼ੂਦਰਾਂ ਦੀ ਬਸਤੀ ਜਾਣ ਦੀ ਹਿੰਮਤ ਕਰੇਗਾ। ਦੂਸਰੀ ਗੱਲ ਇਹ ਵੀ ਜਾਤ-ਪਾਤ ਦੇ ਘਟੀਆ ਸਿਲਸਿਲੇ ਨੇ ਦਲਿਤ ਸਮਾਜ ਨੂੰ ਇੰਨਾ ਕਮਜ਼ੋਰ ਕਰ ਦਿੱਤਾ ਸੀ, ਉਨ੍ਹਾਂ ਨੂੰ ਆਪਣੇ ਪੇਟ ਦਾ ਹਮੇਸ਼ਾ ਫਿਕਰ ਰਹਿੰਦਾ ਸੀ, ਫਿਰ ਫ਼ਕੀਰਾਂ ਨੂੰ ਅੰਨ ਦੇਣ ਲਈ ਕਿਥੋਂ ਆਵੇਗਾ ?

ਵਿਦਵਾਨ ਲੇਖਕ ਸ੍ਰੀ ਪਿਆਰਾ ਸਿੰਘ (ਪਟਿਆਲਾ ਯੂਨੀਵਰਸਿਟੀ) ਵੀ ਗੁਰੂ ਰਵਿਦਾਸ ਨੂੰ ਸੰਤ ਰਾਮਾਨੰਦ ਜੀ ਦਾ ਚੇਲਾ ਨਹੀਂ ਮੰਨਦੇ। ਇਸ ਕਰਕੇ ਸਰਾਪ ਦੇਣ ਵਾਲੀ ਕਹਾਣੀ ਮੰਨਣਯੋਗ ਨਹੀਂ। ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਆਦਿ ਗ੍ਰੰਥ ਵਿਚ 40 ਸ਼ਬਦ ਤੇ ਇਕ ਸਲੋਕ ਦਰਜ ਹੈ। ਇਸ ਅੰਮ੍ਰਿਤ ਬਾਣੀ ਦੇ ਪੜ੍ਹਨ ਤੋਂ ਪਤਾ ਚਲਦਾ ਹੈ ਕਿ ਉਨ੍ਹਾਂ ਦਾ ਗੁਰੂ ਪਾਰਬ੍ਰਹਮ ਹੈ, ਜੋ ਸਾਰੇ ਜਗਤ ਦਾ ਪਾਲਣਹਾਰ ਹੈ।

ਤੁਮ ਕਹੀਅਤ ਹੋ ਜਗਤ ਗੁਰੂ ਸੁਆਮੀ ॥ (ਗੁਰੂ ਗ੍ਰੰਥ ਸਾਹਿਬ)

ਸ੍ਰੀ ਗੁਰੂ ਰਵਿਦਾਸ ਜੀ ਨੇ ਅੰਮ੍ਰਿਤ ਬਾਣੀ ਵਿਚ ਕਿਤੇ ਵੀ ਮੂਰਤੀਮਾਨ ਜਾਂ ਦੇਹਧਾਰੀ ਗੁਰੂ ਦਾ ਜ਼ਿਕਰ ਨਹੀਂ ਕੀਤਾ, ਸਗੋਂ ਮਨੁੱਖਤਾ ਦਾ ਮੁਕਤੀ ਦਾਤਾ ਪਰਮਾਤਮਾ ਦੱਸਿਆ :

ਮੁਕੰਦ ਮੁਕੰਦ ਜਪਹੁ ਸੰਸਾਰ ॥ ਬਿਨੁ ਮੁਕੰਦ ਤਨ ਹੋਇ ਅਉਹਾਰ ॥
ਸੋਈ ਮੁਕੰਦ ਮੁਕਤਿ ਕਾ ਦਾਤਾ ॥ ਸੋਈ ਮੁਕੰਦ ਹਮਰਾ ਪਿਤ ਮਾਤਾ ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ)

ਮੁਕੰਦ ਗੁਰੂ ਦੇ ਨਾਮ ਸਿਮਰਨ ਤੋਂ ਬਿਨਾਂ ਨਰਕਮਈ ਜ਼ਿੰਦਗੀ ਤੋਂ ਮੁਕਤ ਹੋਣਾ ਅਸੰਭਵ ਹੈ। ਹੁਣ ਅੱਗੇ ਗੱਲ ਸੋਚਣ ਵਾਲੀ ਹੈ ਕਿ ਪਹਿਲੇ ਜਨਮ ਵਿਚ ਸ੍ਰੀ ਗੁਰੂ ਰਵਿਦਾਸ ਜੀ ਦੀ ਨਿੱਕੀ ਜਿਹੀ ਗਲਤੀ ਕਰਕੇ ਉਨ੍ਹਾਂ ਨੂੰ ਸਰਾਪ ਮਿਲ ਗਿਆ ਤੇ ਫਿਰ ਸੋਚੋ ਦੂਸਰੇ ਜਨਮ ਵਿਚ ਸੰਤ ਰਾਮਾਨੰਦ ਆਪਣੇ ਸੇਵਕ ਰਵਿਦਾਸ ਨੂੰ ਚਮਾਰਾਂ ਦੇ ਘਰ ਕਿਵੇਂ ਮਿਲਣ ਜਾ ਸਕਦਾ ਹੈ ? ਕਿਹਾ ਜਾਂਦਾ ਹੈ ਕਿ ਜਦ ਸ੍ਰੀ ਗੁਰੂ ਰਵਿਦਾਸ ਜੀ ਦਾ ਦੂਸਰਾ ਜਨਮ ਸ਼ੂਦਰਾਂ ਦੇ ਘਰ ਹੋਇਆ, ਗੁਰੂ ਸਾਹਿਬ ਮਾਂ ਦਾ ਦੁੱਧ ਨਾ ਪੀਣ, ਬਹੁਤ ਸਾਰੇ ਲੇਖਕਾਂ ਨੇ ਲਿਖਿ ਆ ਹੈ ਕਿ ਭਗਵਾਨ ਰਾਮਾਨੰਦ ਆਏ ਤੇ ਰਵਿਦਾਸ ਜੀ ਦੇ ਕੰਨ ਵਿਚ ਕਿਹਾ 'ਰਵਿਦਾਸ ਦੁੱਧ ਪੀ ਲੈ, ਪਹਿਲੇ ਜਨਮ ਤੂੰ ਬ੍ਰਾਹਮਣ ਸੀ।'

ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਨੇ ਅੰਮ੍ਰਿਤ ਬਾਣੀ ਦੁਆਰਾ ਜਾਤ-ਪਾਤ ਦਾ ਵਿਰੋਧ ਕੀਤਾ ਹੋਇਆ ਹੈ। ਫਿਰ ਉਨ੍ਹਾਂ ਨੇ ਵੱਡੇ ਹੋ ਕੇ ਸੰਤ ਰਾਮਾਨੰਦ ਜੀ ਨੂੰ ਜਾਤ ਪਾਤ ਖਤਮ ਕਰਨ ਦੀ ਬੇਨਤੀ ਕੀਤੀ ਸੀ। ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਤਾਂ ਪਿਆਰੇ ਪ੍ਰਭੂ ਨੂੰ ਵੀ ਕਹਿੰਦੇ ਹਨ ਦੱਸ ਤੇਰੇ ਤੇ ਮੇਰੇ ਵਿਚ ਕੀ ਅੰਤਰ ਹੈ।

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ॥
ਕਨਿਕ ਕਟਿਕ ਜਲ ਤਰੰਗ ਜੈਸਾ ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੯੩)

ਹੁਣ ਉਨ੍ਹਾਂ ਲੇਖਕਾਂ ਦੀ ਗੱਲ ਕਰਦੇ ਹਾਂ ਜਿਹੜੇ ਮਨਘੜ੍ਹਤ ਕਹਾਣੀ ਦੀ ਸਹਾਇਤਾ ਲੈਂਦੇ ਹੋਏ, ਬਾਹਰਲੀ ਬਾਣੀ ਦੁਆਰਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਨੂੰ ਮਹਾਰਾਜ ਸੰਤ ਰਾਮਾਨੰਦ ਦਾ ਚੇਲਾ ਮੰਨਦੇ ਹਨ। ਉਨ੍ਹਾਂ ਲੇਖਕਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਦਰਜ ਸ੍ਰੀ ਗੁਰੂ ਰਵਿਦਾਸ ਬਾਣੀ 'ਤੇ ਵਿਚਾਰ ਕਰਨੀ ਚਾਹੀਦੀ ਹੈ। ਗੁਰੂ ਗ੍ਰੰਥ ਸਾਹਿਬ ਜੀ ਅੰਦਰ ਦਰਜ ਬਾਣੀ 'ਚ ਕਿਤੇ ਵੀ ਗੁਰੂ ਸਾਹਿਬ ਜੀ ਨੇ ਦੇਹਧਾਰੀ ਗੁਰੂ ਦਾ ਜ਼ਿਕਰ ਨਹੀਂ ਕੀਤਾ। ਜੇਕਰ ਉਨ੍ਹਾਂ ਦੇ ਗੁਰੂ ਸੰਤ ਰਾਮਾਨੰਦ ਜੀ ਹੁੰਦੇ, ਤਾਂ ਉਨ੍ਹਾਂ ਨੇ ਜ਼ਰੂਰ ਜ਼ਿਕਰ ਕਰਨਾ ਸੀ। ਕਿਉਂ ਨਾ ਜ਼ਿਕਰ ਕਰਦੇ, ਉਨ੍ਹਾਂ ਨੇ ਆਪਣੇ ਸਮਕਾਲੀ ਸਾਥੀ ਗੁਰੂ ਕਬੀਰ ਜੀ ਤੋਂ ਇਲਾਵਾ ਗੁਰੂ ਨਾਮਦੇਵ ਜੀ, ਗੁਰੂ ਤ੍ਰਿਲੋਚਨ ਜੀ, ਸਧਨਾ ਜੀ, ਸੈਨ ਜੀ ਦਾ ਵੀ ਗੁਰਬਾਣੀ 'ਚ ਜ਼ਿਕਰ ਕੀਤਾ ਹੋਇਆ ਹੈ :-

ਨਾਮਦੇਵ ਕਬੀਰ ਤਿਲੋਚਨ ਸਧਨਾ ਸੈਨੁ ਤਰੈ ॥
ਕਹਿ ਰਵਿਦਾਸ ਸੁਨਹੁ ਰੇ ਸੰਤਹੁ
ਹਰਿ ਜੀਉ ਤੇ ਸਭੈ ਸਰੈ ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੧੧੦੬)
ਹਰਿ ਕੇ ਨਾਮ ਕਬੀਰ ਉਜਾਗਰ ॥
ਜਨਮ ਜਨਮ ਕੇ ਕਾਟੇ ਕਾਗਰ ॥
ਨਿਮਤ ਨਾਮ ਦੇਉ ਦੂਧੁ ਪੀਆਇਆ ॥
ਤਉ ਜਗ ਜਨਮ ਸੰਕਟ ਨਹੀ ਆਇਆ ॥
ਜਨ ਰਵਿਦਾਸ ਰਾਮ ਰੰਗ ਰਾਤਾ ॥
ਇਉ ਗੁਰ ਪਰਸਾਦਿ ਨਰਕ ਨਹੀ ਜਾਤਾ ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੪੮੭)

ਇਕ ਗੱਲ ਹੋਰ ਵੀ ਸੋਚਣ ਵਾਲੀ ਹੈ, ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਗੱਦੀ ਨਸ਼ੀਨ ਸਮੇਂ ਸਮੇਂ ਸਿਰ ਮਹਾਂਪੁਰਸ਼ਾਂ ਨੇ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪ੍ਰਭੂ ਭਗਤੀ ਦੀਆਂ ਸਿਫ਼ਤਾਂ ਕੀਤੀਆਂ ਹਨ, ਜੇਕਰ ਗੁਰੂ ਸਾਹਿਬ ਜੀ ਦੇ ਗੁਰਦੇਵ ਸੰਤ ਰਾਮਾਨੰਦ ਹੁੰਦੇ, ਫਿਰ ਸਿੱਖ ਗੁਰੂ ਸਾਹਿਬਾਨ ਨੇ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਤਰ੍ਹਾਂ ਸੰਤ ਰਾਮਾਨੰਦ ਬਾਰੇ ਜ਼ਰੂਰ ਕੁਝ ਕਹਿਣਾ ਸੀ। ਮੁੱਕਦੀ ਗੱਲ ਜੋ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਨਾਲ ਪਹਿਲੇ ਜਨਮ ਤੇ ਦੂਸਰੇ ਜਨਮ ਵਾਲੀ ਕਹਾਣੀ ਜੋੜੀ ਹੋਈ ਹੈ ਉਹ ਗ਼ਲਤ ਹੈ। ਇਹ ਕਹਾਣੀ ਸਿਰਫ਼ ਸ੍ਰੀ ਗੁਰੂ ਰਵਿਦਾਸ ਜੀ ਨੂੰ ਨੀਵਾਂ ਦਿਖਾਉਣ ਤੇ ਸੰਤ ਰਾਮਾਨੰਦ ਨੂੰ ਉੱਚਾ ਦਿਖਾਉਣ ਲਈ ਬੇਈਮਾਨ ਲੋਕਾਂ ਦੀ ਚਾਲ ਹੈ। ਇਸ ਤਰ੍ਹਾਂ ਦੀ ਸੰਸਾਰੀ ਸ਼ੋਭਾ ਨਾਲ ਦੋਵਾਂ ਮਹਾਂਪੁਰਸ਼ਾਂ ਨੂੰ ਕੋਈ ਮਤਲਬ ਨਹੀਂ, ਦੋਵਾਂ ਮਹਾਂਪੁਰਸ਼ਾਂ ਦੀ ਵਿਚਾਰਧਾਰਾ ਮਨੁੱਖਤਾ ਦਾ ਜੀਵਨ ਸੁਖਦਾਈ ਬਣਾਉਂਦੀ ਹੈ। ਉਪ੍ਰੋਕਤ ਚਰਚਾ ਰਾਹੀਂ ਦਾਸ ਇਥੇ ਇਹ ਕਹਿਣਾ ਚਾਹੁੰਦਾ ਹੈ ਕਿ ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰੂ ਸੰਤ ਰਾਮਾਨੰਦ ਜੀ ਨਹੀਂ ਸਨ, ਉਨ੍ਹਾਂ ਦੇ ਗੁਰੂ ਕੇਵਲ ਪਾਰਬ੍ਰਹਮ ਪ੍ਰਮਾਤਮਾ ਹੀ ਸਨ।

* * *

# ਸ੍ਰੀ ਗੁਰੂ ਰਵਿਦਾਸ ਜੀ ਵਲੋਂ ਵਿਲੱਖਣ ਦੇਣ

*—ਮਾਸਟਰ ਰਾਮਧਨ ਨਾਂਗਲੂ, ਭੋਗਪੁਰ।*

ਚੌਦਵੀਂ ਸਦੀ ਦੇ ਮਹਾਨ ਕ੍ਰਾਂਤੀਕਾਰੀ, ਸਮਾਜ-ਸੁਧਾਰਕ, ਪਰਮਹੰਸ ਸੰਤ ਸ਼੍ਰੋਮਣੀ ਸ੍ਰੀ ਗੁਰੂ ਰਵਿਦਾਸ ਜੀ ਦੀ ਮਹਾਨਤਾ ਇਸ ਗੱਲ ਵਿਚ ਨਹੀਂ ਕਿ ਉਹਨਾਂ ਜਨਮ ਧਾਰਨ ਉਪਰੰਤ ਗੰਗਾ ਮਈਆ ਨੂੰ ਦਮੜੀ ਭੇਟ ਕੀਤੀ, ਜੋ ਗੰਗਾ ਮਈਆ ਨੇ ਜਲ ਵਿਚੋਂ ਹੱਥ ਕੱਢ ਕੇ ਸਵੀਕਾਰ ਕੀਤੀ ਤੇ ਬਦਲੇ ਵਿਚ ਗੁਰੂ ਰਵਿਦਾਸ ਜੀ ਨੂੰ ਸਤਿਕਾਰ ਵਜੋਂ ਸੋਨੇ ਦਾ ਕੰਙਣ ਭੇਜਿਆ ਅਤੇ ਰਵਿਦਾਸ ਜੀ ਵਲੋਂ ਗੰਗਾ ਵਿਚ ਉਤਾਰੇ ਭਾਰੀ ਪੱਥਰਾਂ ਨੂੰ ਆਪਣੇ ਪਵਿੱਤਰ ਹੱਥਾਂ ਦੀ ਟੇਕ ਦੇ ਕੇ ਪਾਣੀ ਵਿਚ ਤਾਰਿਆ। ਇਹਨਾਂ ਦੀ ਮਹੱਤਤਾ ਇਸ ਗੱਲ ਵਿਚ ਵੀ ਨਹੀਂ ਕਿ ਇਹਨਾਂ ਰਾਣਾ ਸਾਂਗਾ, ਨਾਗਰਮਲ ਤੇ ਝਾਲਾਂ ਬਾਈ ਆਦਿ ਰਾਜੇ ਰਾਣੀਆਂ ਦੇ ਗੁਰੂ ਬਣ ਕੇ ਰਾਜ ਗੁਰੂ ਦੀ ਪਦਵੀ ਪ੍ਰਾਪਤ ਕੀਤੀ। ਗੁਰੂ ਜੀ ਦੀ ਵਡਿਆਈ ਇਸ ਗੱਲ ਵਿਚ ਵੀ ਨਹੀਂ ਕਿ ਮੀਰਾਂ ਵਰਗੀ ਪ੍ਰੇਮ ਭਗਤੀ ਦੇ ਰੰਗ ਵਿਚ ਰੰਗੀ ਨੇ ਜਾਤਿ-ਰਾਜ ਘਰਾਣੇ ਦੀ ਪ੍ਰਵਾਹ ਨਾ ਕਰਦਿਆਂ ਇਹਨਾਂ ਨੂੰ ਆਪਣਾ ਦੀਕਸ਼ਤ ਗੁਰੂ ਬਣਾਇਆ। ਇਹਨਾਂ ਨੇ ਨਾਮਣਾ ਇਸ ਕਰਕੇ ਨਹੀਂ ਖੱਟਿਆ ਕਿ ਇਹਨਾਂ ਨੇ ਹਿੰਦੂ ਕੱਟੜਪੰਥੀਆਂ ਦੇ ਗੜ੍ਹ ਬਨਾਰਸ ਵਿਚ ਜਾਤਿ ਅਭਿਮਾਨੀਆਂ ਦੇ ਹੰਕਾਰ ਨੂੰ ਚਕਨਾਚੂਰ ਕੀਤਾ। ਇਹਨਾਂ ਦੀ ਮਹੱਤਤਾ ਤੇ ਉਤਮਤਾ ਇਸ ਗੱਲ ਵਿਚ ਹੈ ਕਿ ਇਨ੍ਹਾਂ ਨੇ ਆਪਣੀ ਅੰਮ੍ਰਿਤ ਰਸ ਭਿੰਨੀ ਪਵਿਤ੍ਰ ਅਮਰ ਬਾਣੀ ਵਿਚ ਆਪਣੇ ਲਈ 'ਚਮਾਰ' ਸ਼ਬਦ ਦਾ ਪ੍ਰਯੋਗ ਕੀਤਾ। ਬਾਣੀ ਵਿਚ ਇਸ ਸ਼ਬਦ ਦਾ ਪ੍ਰਯੋਗ ਇਸ ਪ੍ਰਕਾਰ ਹੈ :-

—ਕਹਿ ਰਵਿਦਾਸ ਖਲਾਸ ਚਮਾਰਾ॥ ਜੋ ਹਮ ਸਹਰੀ ਸੋ ਮੀਤ ਹਮਾਰਾ॥
—ਬਿਰਦ ਤਜੈ ਕੈ ਬਿਰਦ ਸੰਭਾਰੋ, ਕਹੈ ਰਵਿਦਾਸ ਚੰਮ ਰਾਜ॥
—ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ॥
—ਮੇਰੇ ਰਮਈਏ ਰੰਗ ਮਜੀਠੁ ਕਾ ਕਹੁ ਰਵਿਦਾਸ ਚਮਾਰ॥
—ਨਾਗਰ ਜਨਾ ਮੇਰੀ ਜਾਤਿ ਬਿਖਿਆਤ ਚਮਾਰੰ॥

ਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ 'ਚਮਾਰ' ਸ਼ਬਦ ਲਗਪਗ 18 ਵਾਰ ਵਰਤਿਆ ਹੈ। ਆਪਣੇ ਆਪ ਨੂੰ 'ਚਮਾਰ' ਜਾਤਿ ਦਾ ਸਿੱਧ ਕਰਦਾ ਸ਼ਬਦ ਕੋਈ 9 ਵਾਰ ਆਇਆ ਹੈ। ਇਹ ਸ਼ਬਦ 'ਚਮਾਰ' ਚਮਾਰ ਜਾਤੀ ਲਈ ਵਰਦਾਨ ਸਿੱਧ ਹੋਇਆ ਹੈ। ਇਸ ਨਾਲ ਚਮਾਰ ਜਾਤੀ ਨੂੰ ਆਪਣੀ ਹੋਂਦ ਤੇ ਵਖਰੇਵਾਂ ਰੱਖਣ ਵਿਚ ਬਹੁਤ ਸਹਾਇਤਾ ਮਿਲੀ ਹੈ। ਏਸੇ ਸ਼ਬਦ ਦੇ ਨਾਲ

ਘਮੰਡੀ ਉੱਚ ਜਾਤੀਏ, ਚਮਾਰ ਜਾਤੀ ਨੂੰ ਘ੍ਰਿਣਾ ਕਰਦੇ ਸਨ ਤੇ ਚਮਾਰ-ਚਮਾਰ ਕਹਿ ਕੇ ਦੁਰਕਾਰਦੇ ਸਨ। ਗੁਰੂ ਰਵਿਦਾਸ ਜੀ ਨੇ ਆਪਣੀ ਪਵਿੱਤਰ ਬਾਣੀ ਵਿਚ ਇਸ ਦਾ ਪ੍ਰਯੋਗ ਕਰਕੇ ਇਸ ਸ਼ਬਦ ਨੂੰ ਪਵਿੱਤਰ ਤੇ ਸਤਿਕਾਰਯੋਗ ਬਣਾ ਦਿੱਤਾ ਹੈ ਤੇ ਇਸ ਵਿਚੋਂ ਤ੍ਰਿਸਕਾਰ ਤੇ ਹੀਣ ਭਾਵਨਾ ਨੂੰ ਬਾਹਰ ਕੱਢ ਸੁੱਟਿਆ ਹੈ। ਇਹ ਸ਼ਬਦ ਚਮਾਰ ਜਾਤੀ ਲਈ ਕਲੰਕ ਤੋਂ ਅਲੰਕਾਰ ਬਣ ਗਿਆ ਹੈ। ਇਸ ਸ਼ਬਦ ਨਾਲ ਗੁਰੂ ਰਵਿਦਾਸ ਜੀ ਨੇ ਜਾਤਿ ਅਭਿਮਾਨੀਆਂ ਨੂੰ ਲਲਕਾਰਿਆ ਹੈ ਕਿ, 'ਹਾਂ, ਮੈਂ ਚਮਾਰ ਹਾਂ, ਤੁਸੀਂ ਮੇਰਾ ਜੋ ਵਿਗਾੜਨਾ ਹੈ, ਵਿਗਾੜ ਲਓ'। ਪਰ ਜਾਤਿ ਅਭਿਮਾਨੀ ਇਸ ਚਮਾਰ ਦਾ ਕੁਝ ਵੀ ਵਿਗਾੜ ਨਾ ਸਕੇ। ਉਲਟਾ ਇਨ੍ਹਾਂ ਨੂੰ ਈਨ ਮੰਨ ਕੇ ਆਪਣੇ ਮੋਢਿਆਂ ਉਪਰ ਚੁੱਕਣਾ ਪਿਆ।

ਸ੍ਰੀ ਗੁਰੂ ਰਵਿਦਾਸ ਜੀ ਦੀ ਪ੍ਰਭਾਵੀ, ਉੱਚੀ ਤੇ ਸੁੱਚੀ ਸ਼ਖ਼ਸੀਅਤ ਕਾਰਨ ਅਖੌਤੀ ਉੱਚ ਜਾਤੀਆਂ ਨੇ ਇਨ੍ਹਾਂ ਨੂੰ ਆਪਣੇ ਵਿਚ ਖਪਾਉਣ ਦਾ, ਭਾਵ ਆਪਣਾ ਬਣਾਉਣ ਦਾ ਬਹੁਤ ਯਤਨ ਕੀਤਾ। ਪਰ ਇਹਨਾਂ ਦੀ ਆਪਣੀ ਪਵਿੱਤਰ ਬਾਣੀ ਵਿਚ 'ਚਮਾਰ' ਸ਼ਬਦ ਦੀ ਵਰਤੋਂ ਕਰਕੇ ਇਹ ਇਹਨਾਂ ਨੂੰ ਆਪਣੇ ਵਿਚ ਰਲਾ ਤਾਂ ਨਾ ਸਕੇ ਪਰ ਗੁਰੂ ਜੀ ਨੂੰ ਮਿਥਿਹਾਸ ਘੜ ਕੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਕਿ ਇਹ ਪੂਰਬਲੇ ਜਨਮ ਵਿਚ ਬ੍ਰਾਹਮਣ ਸਨ। ਪਰ ਗੁਰੂ ਜੀ ਨੇ ਆਪਣੇ ਆਪ ਨੂੰ 'ਚਮਾਰ' ਹੋਣ ਵਿਚ ਫ਼ਖ਼ਰ ਮਹਿਸੂਸ ਕੀਤਾ ਤੇ ਪ੍ਰਮਾਤਮਾ ਦੇ ਨਾਲ ਜੁੜੇ ਰਹੇ ਤੇ 'ਚਮਾਰ' ਦੇ ਰੂਪ ਵਿਚ ਹੀ ਪ੍ਰਮਾਤਮਾ ਕੋਲੋਂ ਅਸ਼ੀਰਵਾਦ ਪ੍ਰਾਪਤ ਕੀਤਾ। ਸ੍ਰੀ ਗੁਰੂ ਰਵਿਦਾਸ ਜੀ ਨੀਵੀਂ 'ਚਮਾਰ' ਜਾਤੀ ਨਾਲ ਜੁੜ ਕੇ ਬੜੇ ਅਨੰਦਮਈ ਤੇ ਸੰਤੁਸ਼ਟ ਰਹਿੰਦੇ ਸਨ ਤੇ ਪ੍ਰਮਾਤਮਾ 'ਤੇ ਕੋਈ ਗਿਲਾ ਨਹੀਂ ਕਰਦੇ ਸਨ। ਸਗੋਂ ਉਹ ਤਾਂ ਲੋਚਦੇ ਸਨ ਕਿ ਹੇ ਭਗਵਾਨ! ਮੈਨੂੰ ਫਿਰ ਏਸੇ ਚਮਾਰ ਜਾਤਿ ਵਿਚ ਪੈਦਾ ਕਰੀਂ ਤਾਂ ਜੋ ਮੇਰੀ ਪ੍ਰੀਤ ਤੇਰੇ ਨਾਲ ਇਸੇ ਤਰ੍ਹਾਂ ਬਣੀ ਰਹੇ। ਉਨ੍ਹਾਂ ਦੇ ਪਵਿੱਤਰ ਮੁਖਾਰਬਿੰਦ ਤੋਂ ਨਿਕਲੇ ਬੋਲ ਇਸ ਪ੍ਰਕਾਰ ਸਨ :-

**ਕਹੈ ਰਵਿਦਾਸ ਸੁਨਿ ਕੇਸਵੇ, ਅੰਤਹ ਕਰਨ ਬਿਚਾਰ॥**
**ਤੁਮਰੀ ਭਗਤਿ ਕੇ ਕਾਰਨੇ ਫਿਰ ਹੋਵੈ ਹੋਂ ਚਮਾਰ॥**

ਏਸ 'ਚਮਾਰ' ਸ਼ਬਦ ਦੀ ਬਦੌਲਤ ਹੀ ਅੱਜ ਤੱਕ ਸ੍ਰੀ ਗੁਰੂ ਰਵਿਦਾਸ ਜੀ ਦੀ ਹੋਂਦ ਵਿਸ਼ੇਸ਼ ਤੇ ਵੱਖ ਬਣੀ ਹੋਈ ਹੈ ਤੇ 'ਚਮਾਰ' ਜਾਤਿ ਦਾ ਸੰਗਠਨ ਫ਼ਖ਼ਰ ਵਿਚ ਤਰੱਕੀ ਨਾਲ ਜੀਅ ਰਿਹਾ ਹੈ। ਜੇਕਰ ਸ੍ਰੀ ਗੁਰੂ ਰਵਿਦਾਸ ਜੀ ਇਸ 'ਚਮਾਰ' ਸ਼ਬਦ ਦਾ ਪ੍ਰਯੋਗ ਆਪਣੇ ਆਪ ਦੇ ਨਾਲ ਨਾ ਜੋੜਦੇ ਤਾਂ ਅੱਜ ਇਹਨਾਂ ਨੂੰ ਹੋਰ ਅਵਤਾਰਾਂ ਸ਼ਿਵ ਜੀ ਅਤੇ ਕ੍ਰਿਸ਼ਨ ਜੀ ਆਦਿ ਵਾਂਗ ਆਪਣੀ ਉੱਚ ਜਾਤੀ ਵਿਚ ਮਿਲਾ ਕੇ ਇਕ ਹੋਰ ਅਵਤਾਰ ਦਾ ਵਾਧਾ ਕਰ ਲੈਣਾ ਸੀ। ਇਹਨਾਂ ਦੀ ਬਾਣੀ ਨੂੰ ਵੀ ਅਪਣਾ ਕੇ ਆਪਣੇ ਸਾਹਿਤ ਵਿਰਸੇ ਦੇ ਭੰਡਾਰ ਨੂੰ ਅਮੀਰ ਕਰ ਲੈਣਾ ਸੀ। ਸ੍ਰੀ ਗੁਰੂ ਰਵਿਦਾਸ ਜੀ ਦੀ ਆਪਣੀ ਕੌਮ ਨੂੰ 'ਚਮਾਰ' ਸ਼ਬਦ ਦੇ ਰੂਪ ਵਿਚ ਇਹੋ ਇਕ ਵਿਲੱਖਣ ਦੇਣ ਹੈ ਜਿਸ ਨਾਲ ਉਹਨਾਂ ਦੀ ਪਵਿੱਤਰ ਬਾਣੀ ਦੀ ਤੇ ਉਨ੍ਹਾਂ ਦੀ ਕੌਮ ਦੀ ਹੋਂਦ ਬਣੀ ਹੋਈ ਹੈ।

ਡਾਕਟਰ ਸ੍ਰੀ ਸਾਹਿਬ ਸਿੰਘ ਡੀ. ਲਿਟ ਨੇ ਇਸ 'ਚਮਾਰ' ਸ਼ਬਦ ਪ੍ਰਥਾਏ ਬੜੇ ਸੁਚੱਜੇ ਤੇ ਨਿਰਣਾਇਕ ਢੰਗ ਨਾਲ ਆਪਣੀ ਰਚਨਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਦੇ ਰਾਗ 'ਆਸਾ' ਦੇ ਭਾਗ ਵਿਚ ਵਰਣਨ ਕੀਤਾ ਹੈ। ਉਨ੍ਹਾਂ ਅਨੁਸਾਰ, "ਜਿਸ ਤਨ ਲੱਗੇ, ਸੋਈ ਜਾਣੇ"। ਜਿਹੜੇ ਬੰਦੇ ਸਦੀਆਂ ਤੋਂ ਜਾਤਿ-ਵਿਤਕਰੇ ਦੇ ਜ਼ੁਲਮ ਹੇਠ ਦੁੱਖ ਸਹਾਰਦੇ ਚਲੇ ਆ ਰਹੇ ਹਨ, ਉਨ੍ਹਾਂ ਨੂੰ ਪੁੱਛ ਕੇ ਵੇਖੋ ਕਿ ਜੁਲਾਹਾ, ਛੀਂਬਾ, ਚਮਾਰ ਆਦਿ ਅਖਵਾਣ ਵਿਚ ਜਾਂ ਆਪਣੇ ਆਪ ਨੂੰ ਆਖਣ ਵਿਚ ਉਹਨਾਂ ਨੂੰ ਕਿਤਨਾ ਕੁ ਹੁਲਾਰਾ ਆਉਂਦਾ ਹੈ। ਉੱਚੀ ਜਾਤਿ ਦਾ ਜ਼ਿਕਰ ਤਾਂ ਫ਼ਖ਼ਰ ਨਾਲ ਹੋ ਸਕਦਾ ਹੈ, ਨੀਚ ਜਾਤਿ ਦੇ ਜ਼ਿਕਰ ਵਿਚ ਕਾਹਦਾ ਮਾਣ? ਇਹ ਜ਼ਿਕਰ ਤਾਂ ਉੱਚੀ ਜਾਤ ਵਾਲਿਆਂ ਨੂੰ ਵੰਗਾਰਨ ਵਾਸਤੇ ਸੀ।

* * *

# ਹੱਥ ਛੁਰੀ ਜਗਤ ਕਸਾਈ

*—ਮੱਘਰ ਸਿੰਘ**

ਸੰਨ ਈਸਵੀ ਤੋਂ 184 ਸਾਲ ਪਹਿਲਾਂ ਭਾਵ ਅੱਜ ਤੋਂ 2184 ਸਾਲ ਪਹਿਲਾਂ ਅਸ਼ੋਕ ਸਮਰਾਟ ਦੇ ਗਿਆਰਵੇਂ ਵਾਰਸ ਬਹਿਦਰਥ ਨੂੰ ਉਸਦੇ ਹੀ ਸੈਨਾਪਤੀ ਪੁਸ਼ਬ ਮਿੱਤਰ ਨੇ ਕਤਲ ਕਰਕੇ ਸੁੰਗ ਬੰਸੀ ਬ੍ਰਾਹਮਣ ਰਾਜ ਕਾਇਮ ਕਰ ਲਿਆ ਸੀ। ਉਸਨੇ ਬੋਧੀਆਂ ਦਾ ਕਤਲੇਆਮ ਕਰਕੇ ਬੁੱਧ ਧਰਮ ਖ਼ਤਮ ਕਰ ਦਿੱਤਾ, ਸਾਰੇ ਬੋਧੀ ਨੀਚ ਜਾਤ ਗਰਦਾਨੇ ਗਏ, ਇਥੋਂ ਦੇ ਮੂਲ ਵਾਸੀਆਂ ਨੂੰ ਸੂਦਰ ਅਤੇ ਅਛੂਤਾਂ ਦੀ ਸ਼੍ਰੇਣੀ ਵਿਚ ਰਖਿਆ ਗਿਆ, ਇਹਨਾਂ ਨੂੰ 6 ਹਜ਼ਾਰ ਜਾਤਾਂ ਕੁਜਾਤਾਂ ਵਿਚ ਵੰਡ ਕੇ ਉਹਨਾਂ 'ਤੇ ਅਜਿਹੇ ਕਾਨੂੰਨ ਲਾਗੂ ਕਰ ਦਿੱਤੇ ਗਏ ਕਿ ਇਹ ਹਮੇਸ਼ਾ ਵਾਸਤੇ ਉਨ੍ਹਾਂ ਦੇ ਗੁਲਾਮ ਬੇ-ਦਾਮ ਬਣੇ ਰਹਿਣ। ਇਸ ਜ਼ਾਲਮਾਨਾ ਰਵੱਈਏ ਦੇ ਕਾਰਨ ਇਹ ਸਿੱਟਾ ਨਿਕਲਿਆ ਕਿ ਵਿਦੇਸ਼ੀ ਲੁਟੇਰਿਆਂ ਨੇ ਪਹਿਲਾਂ ਅਫ਼ਗਾਨਿਸਤਾਨ ਜੋ ਭਾਰਤ ਦਾ ਹੀ ਇਕ ਹਿੰਦੂ ਰਾਜ ਸੀ ਉਸ 'ਤੇ 653 ਈਸਵੀ ਵਿਚ ਇਕ ਅਰਬ ਦੇ ਸੈਨਾਪਤੀ ਅਬਦੁੱਲ ਰਹਿਮਾਨ ਨੇ ਹਮਲਾ ਕਰਕੇ ਉਸ ਨੂੰ ਹਥਿਆ ਲਿਆ। ਜਿਸ 'ਤੇ ਅਫ਼ਗਾਨਿਸਤਾਨ ਦੇ ਹਿੰਦੂ ਰਾਜੇ ਨੂੰ ਸਾਲਾਨਾ ਕਰ ਦੇਣ ਲਈ ਮਜਬੂਰ ਕਰ ਦਿੱਤਾ, 693 ਵਿਚ ਇਕ ਅਰਬ ਦੇ ਹੋਰ ਸੈਨਾਪਤੀ ਅਬਦੁੱਲਾ ਨੇ ਕਾਬਲ 'ਤੇ ਕਬਜ਼ਾ ਕਰ ਲਿਆ ਜਿਸ ਨੇ ਉਥੋਂ ਦੇ ਹਿੰਦੂ ਰਾਜੇ ਨੂੰ ਦੁਬਾਰਾ ਕਰ (ਟੈਕਸ) ਦੇਣ ਲਈ ਮਜਬੂਰ ਕਰ ਦਿੱਤਾ।

870 ਈਸਵੀ ਵਿਚ ਇਕ ਤੁਰਕ ਡਾਕੂ ਨੇ ਕਾਬਲ 'ਤੇ ਕਬਜ਼ਾ ਕਰ ਲਿਆ, ਅਖੀਰ 1001 ਈਸਵੀ ਵਿਚ ਅਫ਼ਗਾਨਿਸਤਾਨ ਹਮੇਸ਼ਾ ਲਈ ਤੁਰਕਾਂ ਦੇ ਕਬਜ਼ੇ ਵਿਚ ਚਲਾ ਗਿਆ, ਜਦੋਂ ਕਾਬਲ ਦੇ ਰਾਜੇ ਜੈ-ਪਾਲ ਨੇ ਰੋਜ਼ ਦੀਆਂ ਮਾਰਾਂ ਤੋਂ ਸ਼ਰਮਿੰਦਾ ਹੋ ਕੇ, ਆਤਮ-ਹੱਤਿਆ ਕਰਕੇ ਆਪਣੀ ਬਹਾਦਰੀ ਦੇ ਜੌਹਰ ਦਿਖਾਏ।

ਦੂਸਰੇ ਪਾਸੇ 712 ਈ. ਵਿਚ ਇਕ 17 ਸਾਲਾਂ ਦਾ ਛੋਕਰਾ ਮੁਹੰਮਦ ਬਿਨ-ਕਾਸਮ, ਚੰਦ ਘੋੜ ਸਵਾਰ ਲੈ ਕੇ ਅਰਬ ਤੋਂ ਆਇਆ। ਉਸ ਨੇ ਹਿੰਦੁਸਤਾਨ ਨੂੰ ਹਥਿਆ ਲਿਆ, ਉਸ ਨੇ ਹੁਕਮ ਜਾਰੀ ਕਰ ਦਿੱਤਾ ਕਿ 17 ਸਾਲਾਂ ਤੋਂ ਉਪਰ ਜੋ ਉਹ ਮੁਸਲਮਾਨ ਨਹੀਂ ਬਣ ਜਾਂਦਾ ਤਾਂ ਉਸ ਦਾ ਕਤਲੇਆਮ ਕੀਤਾ ਜਾਏ, ਉਸ ਤੋਂ ਬਾਅਦ ਪੈ ਦਰ ਪੈ ਹਿੰਦੁਸਤਾਨ ਉਤੇ ਹਮਲੇ ਹੁੰਦੇ ਰਹੇ। ਇਕੱਲੇ ਮਹਿਮੂਦ ਗਜ਼ਨਵੀ ਨੇ ਇਕ ਹਜ਼ਾਰ ਈਸਵੀ ਤੋਂ 1026 ਤੱਕ 17 ਹਮਲੇ ਕੀਤੇ। 1014 ਈਸਵੀ ਵਿਚ ਥਾਨੇਸਰ 'ਤੇ ਹਮਲਾ ਕੀਤਾ, ਜਿਥੇ ਉਸਨੇ ਹਿੰਦੂ ਮੰਦਰਾਂ ਦੀ ਭੰਨਤੋੜ ਕੀਤੀ। ਮੰਦਰਾਂ 'ਚੋਂ ਸੋਨੇ ਚਾਂਦੀ ਹੀਰੇ ਜਵਾਹਰਾਤਾਂ ਦੇ ਗੱਡੇ ਭਰ ਕੇ ਲੈ ਗਿਆ। ਉਥੋ ਦੋ ਲੱਖ ਮਾਸੂਮ ਬਹੂ-ਬੇਟੀਆਂ ਨੂੰ ਬੰਦੀ ਬਣਾ ਕੇ ਰਾਜਿਸਥਾਨ ਦੇ ਰਸਤੇ ਪੈਦਲ ਗਜ਼ਨੀ ਨੂੰ ਲੈ ਕੇ ਗਿਆ, ਉਹਨਾਂ ਮਾਸੂਮ ਬੀਬੀਆਂ ਦੇ ਬਾਪਾਂ, ਭਰਾਵਾਂ ਅਤੇ ਘਰ ਵਾਲਿਆਂ ਨੇ ਚੂੰ ਤੱਕ ਨਾ ਕੀਤੀ, ਇਹ ਮਾਸੂਮ ਬੀਬੀਆਂ ਗਜ਼ਨੀ ਦੇ ਬਾਜ਼ਾਰਾਂ ਵਿਚ ਟਕੇ ਟਕੇ ਵੇਚੀਆਂ ਗਈਆਂ।

ਇਥੇ ਹੀ ਬਸ ਨਹੀਂ ਹਿੰਦੂ ਦਾ ਮੂੰਹ, ਮੁਸਲਮਾਨਾਂ ਦਾ ਥੁਕ-ਦਾਨ ਸਮਝਿਆ ਜਾਂਦਾ ਸੀ, ਕੋਈ ਵੀ ਹਿੰਦੂ ਆਪਣੀ ਨਵ-ਵਿਆਹੀ ਪਤਨੀ ਦੀ ਸੁਹਾਗ ਰਾਤ ਦਾ ਪਾਤਰ ਨਹੀਂ ਬਣ ਸਕਦਾ ਸੀ, ਉਸ ਨੂੰ ਆਪਣੀ ਨਵ-ਵਿਆਹੀ ਪਤਨੀ ਨੂੰ ਆਪਣੇ ਇਲਾਕੇ ਦੇ ਮੁਸਮਲਾਨ ਸ਼ਾਸਕ ਦੇ ਹਰਮ ਵਿਚ ਭੇਜਣਾ ਪੈਂਦਾ ਸੀ, ਜੇ ਉਸ ਸ਼ਾਸਕ ਨੂੰ ਉਹ ਪਸੰਦ ਆ ਜਾਏ ਤਾਂ ਉਸ ਦੇ ਪਤੀ ਨੂੰ ਹਮੇਸ਼ਾ ਵਾਸਤੇ ਆਪਣੀ ਪਤਨੀ ਤੋਂ ਹੱਥ ਧੋਣੇ ਪੈਂਦੇ ਸਨ।

---

*ਰਿਟਾ. ਐਸ. ਆਈ. ਪੁਲਿਸ, ਮਹੱਲਾ ਅਟਕ ਨਗਰ, ਲੁਧਿਆਣਾ।

1026 ਵਿਚ ਮਹਿਮੂਦ ਗਜ਼ਨਵੀ ਨੇ ਸੋਮਨਾਥ ਮੰਦਰ ਦੀ ਭੰਨਤੋੜ ਕੀਤੀ ਜਿਥੇ ਉਸ ਨੇ ਉਸ ਮੰਦਰ ਦੀ ਮੂਰਤੀ (ਸੋਮਨਾਥ) ਦੇ ਟੁਕੜੇ ਕਰਕੇ ਉਸਦੇ ਮਸਜਦਾਂ ਦੇ ਪਾਇਦਾਨ ਬਣਾਏ। ਸੋਨਾ, ਚਾਂਦੀ, ਹੀਰੇ, ਜਵਾਹਰਾਤ ਲੁੱਟੇ, ਉਸਦੇ ਨਾਲ-ਨਾਲ ਦੋ ਲੱਖ ਹਿੰਦੂਆਂ ਨੂੰ ਬੰਦੀ ਬਣਾ ਕੇ ਗਜ਼ਨੀ ਨੂੰ ਲੈ ਕੇ ਗਿਆ, ਉਹ ਉਨ੍ਹਾਂ ਨੂੰ ਦੋ ਦੋ ਰੁਪਏ ਵਿਚ ਵੇਚਣਾ ਚਾਹੁੰਦਾ ਸੀ ਪਰ ਗਾਹਕ ਨਾ ਮਿਲਣ ਕਰਕੇ ਉਹਨਾਂ ਸਾਰਿਆਂ ਨੂੰ ਕਤਲ ਕਰਵਾ ਦਿੱਤਾ ਗਿਆ।

ਇਤਨੀ ਦੁਰਦਸ਼ਾ ਹੋਣ ਦੇ ਬਾਵਜੂਦ ਇਥੋਂ ਦੇ ਹਿੰਦੂਆਂ ਵਲੋਂ ਇਸ ਦੇਸ਼ ਦੇ ਮੂਲ ਵਾਸੀਆਂ ਨੂੰ ਜਿਨ੍ਹਾਂ ਨੂੰ ਸ਼ੂਦਰ ਦੀ ਉਪਾਧੀ ਦਿੱਤੀ ਹੋਈ ਸੀ, ਉਨ੍ਹਾਂ ਨਾਲ ਕੁੱਤਿਆਂ ਬਿੱਲੀਆਂ ਨਾਲੋਂ ਵੀ ਬਦਤਰ ਸਲੂਕ ਕੀਤਾ ਜਾਂਦਾ ਸੀ, ਉਨ੍ਹਾਂ ਦੇ ਘਰਾਂ ਵਿਚ ਕੁੱਤਾ ਤਾਂ ਜਾ ਸਕਦਾ ਸੀ ਪਰ ਸ਼ੂਦਰ ਦਾ ਪਰਛਾਵਾਂ ਵੀ ਉਨ੍ਹਾਂ ਦੇ ਅੰਦਰ ਨਹੀਂ ਪੈ ਸਕਦਾ ਸੀ। ਅਜਿਹੀ ਸੂਰਤੇ ਹਾਲਾਤ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਕਰੀਬ 199 ਸਾਲ ਪਹਿਲਾਂ ਭਗਤ ਨਾਮਦੇਵ ਜੀ ਨੇ ਜ਼ਾਲਮ ਸਮਾਜ ਅਤੇ ਜ਼ਾਲਮ ਹਕੂਮਤ ਦੇ ਖ਼ਿਲਾਫ਼ ਘੋਲ ਕੀਤਾ, ਪਰ ਇਹਨਾਂ ਹਿੰਦੂ ਨਾਜ਼ੀਆਂ ਨੇ ਮੁਸਲਮਾਨ ਸ਼ਾਸਕਾਂ ਨੂੰ ਆਪਣੀਆਂ ਧੀਆਂ ਭੈਣਾਂ ਦੇ ਡੋਲੇ ਦੇਣੇ ਤਾਂ ਪ੍ਵਾਨ ਕਰ ਲਏ ਪਰ ਏਥੋਂ ਦੇ ਮੂਲ ਵਾਸੀਆਂ ਅਖੌਤੀ ਸ਼ੂਦਰਾਂ ਨੂੰ ਇਨਸਾਨੀਅਤ ਦੇ ਹੱਕ ਦੇਣ ਤੋਂ ਵਾਂਝੇ ਰੱਖਿਆ। ਉਸ ਤੋਂ ਬਾਅਦ ਭਗਤ ਕਬੀਰ ਜੀ, ਸ੍ਰੀ ਗੁਰੂ ਰਵਿਦਾਸ ਜੀ ਨੇ ਇਸ ਮਨਹੂਸ ਵਰਣਵੰਡ ਦੀ ਸਖਤ ਮੁਖਾਲਫਤ ਕੀਤੀ। ਇਹ ਹਿੰਦੂ ਨਾਜ਼ੀ ਉਨ੍ਹਾਂ ਦੇ ਵੀ ਜਾਨੀ ਦੁਸ਼ਮਣ ਬਣ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਤਮਾ ਨੂੰ ਵੀ ਵਰਣ ਵੰਡ ਦੇ ਕਾਰਣ ਡਾਢਾ ਦੁਖੀ ਕੀਤਾ, ਉਨ੍ਹਾਂ ਨੇ ਮਨੂੰਵਾਦੀ ਨਾਜ਼ੀਆਂ ਦੀਆਂ ਕਾਲੀਆਂ ਕਰਤੂਤਾਂ ਨੂੰ ਤੱਕ ਕੇ ਫ਼ੁਰਮਾਇਆ :-

**ਮਥੈ ਟਿਕਾ ਤੇੜਿ ਧੋਤੀ ਕਾਖਾਈ,**
**ਹਥਿ ਛੁਰੀ ਜਗਤ ਕਸਾਈ॥**

ਅਤੇ

**ਪੂਜਾ ਤਿਲਕ ਕਰਤ ਇਸ਼ਨਾਨਾ, ਛੁਰੀ ਕਾਢਿ ਲੇਵੈ ਹਥ ਦਾਨਾ॥**

ਜਿਹੜੇ ਲੋਕਾਂ ਦੇ ਗਲੇ ਉਤੇ ਇਹਨਾਂ ਮਨੂੰਵਾਦੀਆਂ ਦੀਆਂ ਧਾਰਮਿਕ ਪੁਸਤਕਾਂ ਦੇ ਕਾਰਣ ਛੁਰੀ ਫਿਰਦੀ ਸੀ, ਉਹਨਾਂ ਬਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫ਼ੁਰਮਾਇਆ :-

**"ਨੀਚਾ ਅੰਦਰਿ ਨੀਚੁ ਜਾਤਿ ਨੀਚੀ ਹੂ ਅਤਿ ਨੀਚੁ॥**
**ਨਾਨਕ ਤਿਨ ਕੈ ਸੰਗਿ ਸਾਥੁ ਵਡਿਆ ਸਿਉ ਕਿਆ ਰੀਸੁ॥**
**ਜਿਥੈ ਨੀਚੁ ਸਮਾਲੀਅਨੁ ਤਿਥੈ ਨਦਰਿ ਤੇਰੀ ਬਖਸੀਸ॥"**

ਜਿਸ ਤਰ੍ਹਾਂ ਮਨੂੰਵਾਦੀ ਨਾਜ਼ੀਆਂ ਨੇ, ਮਹਾਤਮਾ ਬੁੱਧ ਜੀ ਦੀ ਕਾਰਕਰਦਗੀ, ਜੋ ਉਹਨਾਂ ਨੇ ਇਥੋਂ ਦੇ ਮੂਲ ਵਾਸੀਆਂ 'ਤੇ ਹੁੰਦੇ ਜ਼ੁਲਮਾਂ ਨੂੰ ਤੱਕ ਕੇ ਮੁਹਿੰਮ ਚਲਾਈ ਸੀ, ਉਸ ਇਨਕਲਾਬੀ ਲਹਿਰ ਨੂੰ ਨੇਸਤੋ-ਨਾਬੂਦ ਕਰ ਦਿੱਤਾ ਸੀ, ਉਸੇ ਤਰ੍ਹਾਂ ਸਿੱਖ ਗੁਰੂ ਸਾਹਿਬਾਨਾਂ ਵਲੋਂ ਇਸ ਦੇਸ਼ ਦੇ ਮੂਲ ਵਾਸੀਆਂ ਨੂੰ ਸਨਮਾਨ ਦੇਣ ਦੀ ਇਨਕਲਾਬੀ ਲਹਿਰ ਨੂੰ ਤੱਕ ਕੇ ਇਹ ਮਨੂੰਵਾਦੀ ਨਾਜ਼ੀ ਲੋਹੇ ਲਾਖੇ ਹੋ ਗਏ, ਜਿਸ ਕਰਕੇ ਸਿੱਖ ਗੁਰੂ ਸਾਹਿਬਾਨ ਦੇ ਖਿਲਾਫ਼ ਵੀ ਕੋਈ ਕਸਰ ਬਾਕੀ ਨਹੀਂ ਛੱਡੀ ਜੋ ਪਿਛਲੇ 500 ਸਾਲਾਂ ਤੋਂ ਹੁਣ ਤੱਕ ਜਾਰੀ ਹੈ, ਕਿਉਂਕਿ ਮਨੂੰਵਾਦੀ ਨਾਜ਼ੀ ਕਿਸੇ ਸੂਰਤ ਵਿਚ ਵੀ ਆਪਣੇ ਇਨਸਾਨੀਅਤ ਦੇ ਘਾਣ ਕਰਨ ਵਾਲੇ ਗ੍ਰੰਥਾਂ ਦੀ ਤਕਮੀਲ ਕਰਨ ਤੋਂ ਹਟ ਨਹੀਂ ਸਕਦੇ, ਇਸੇ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਫ਼ੁਰਮਾਇਆ ਸੀ :-

**ਧੋਤੀ ਟਿਕਾ ਤੇ ਜਪਮਾਲੀ ਧਾਨ ਮਲੇਛਾਂ ਖਾਈ॥**

ਉਸ ਸਮੇਂ ਦੀ ਸਮਾਜੀ ਜ਼ੁਲਮ ਦੀ ਕੋਈ ਅਜਿਹੀ ਫ਼ਿਲਮ ਨਹੀਂ ਹੈ ਜੋ ਇਸ ਸਮੇਂ ਪੇਸ਼ ਕੀਤੀ ਜਾਏ, ਸਿਰਫ਼ ਗੁਰੂ ਸਾਹਿਬਾਨ ਦੇ ਗੁਰ-ਬਚਨ ਹੀ ਹਨ ਜਿਸ ਤੋਂ ਮਨੂੰਵਾਦੀ ਨਾਜ਼ੀਆਂ ਦੇ ਸਮਾਜੀ ਜ਼ੁਲਮ ਦਾ ਪਤਾ ਲਗਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਜ਼ਾਰਾਂ ਸਾਲਾਂ ਤੋਂ ਚੱਲੀ ਆ ਰਹੀ ਮਨੂੰਵਾਦੀ ਸੰਮਿਰਤੀ ਨੂੰ ਉਲਟ ਗੇੜਾ ਦੇ ਕੇ, ਹਜ਼ਾਰਾਂ ਸਾਲਾਂ ਤੋਂ ਗੰਦਗੀ ਦੇ ਢੇਰ 'ਤੇ ਬਿਠਾਏ ਨਿਤਾਣੇ, ਨਿਮਾਣੇ, ਲਿਤਾੜੇ ਪਛਾੜੇ ਵਰਗ ਦੇ ਲੋਕਾਂ ਨੂੰ ਸਾਫ਼ ਸੁਥਰੀ ਜ਼ਿੰਦਗੀ ਅਰਪਣ ਕੀਤੀ, ਇਹੋ ਕਾਰਨ ਸੀ ਕਿ ਉਨ੍ਹਾਂ ਨੂੰ ਮਨੂੰਵਾਦੀਆਂ ਨੇ ਕੁਰਾਹੀਆ ਆਖਿਆ। ਉਸੇ ਸਮੇਂ ਤੋਂ ਲੈ ਕੇ ਮਨੂੰਵਾਦੀ ਸਿੱਖ ਗੁਰੂ ਸਾਹਿਬਾਨ ਨੂੰ ਕੈਰੀਆਂ ਅੱਖਾਂ ਨਾਲ ਦੇਖਦੇ ਚਲੇ ਆ ਰਹੇ ਹਨ। ਸਿੱਖ ਗੁਰੂ ਸਾਹਿਬਾਨਾਂ ਨੇ ਅਖੌਤੀ ਸ਼ੂਦਰ ਭਗਤਾਂ ਦੀ ਬਾਣੀ ਨੂੰ ਸਾਰੇ ਦੇਸ਼ ਵਿਚੋਂ ਇਕੱਤਰ ਕੀਤਾ ਤੇ ਉਸ ਨੂੰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਕੇ ਰੱਬੀ ਬਾਣੀ ਦਾ ਰੁਤਬਾ ਦਿੱਤਾ।

ਇਹ ਭਾਰਤ ਦੀ ਤਾਰੀਖ਼ ਵਿਚ ਪਹਿਲਾ ਮੌਕਾ ਹੈ, ਜਦੋਂ ਸ਼ੂਦਰ ਭਗਤਾਂ ਦੀ ਬਾਣੀ ਨੂੰ ਰੱਬੀ ਰੁਤਬਾ ਬਹਾਲ ਕਰ ਦਿੱਤਾ ਗਿਆ ਹੋਵੇ, ਜਿਸ ਕਰਕੇ ਮਨੂੰਵਾਦੀ ਹੋਰ ਵੀ ਲੋਹੇ ਲਾਖੇ ਹੋ ਗਏ। ਨਤੀਜੇ ਦੇ ਤੌਰ 'ਤੇ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤਿੰਨ ਦਿਨ ਤਿੰਨ ਰਾਤਾਂ ਅਤਿ ਦਰਜੇ ਦੇ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ, ਜਿਸ ਦਾ ਮੂਲ ਕਾਰਣ ਰਾਜਾ ਮਾਨ ਸਿੰਘ ਜੋ ਅਕਬਰ ਬਾਦਸ਼ਾਹ ਦੇ ਜ਼ਮਾਨੇ ਤੋਂ ਹੀ ਫੌਜਾਂ ਦਾ ਸੈਨਾਪਤੀ ਚੱਲਿਆ ਆ ਰਿਹਾ ਸੀ, ਉਹ ਜਹਾਂਗੀਰ ਬਾਦਸ਼ਾਹ ਦਾ ਸਕਾ ਮਾਮਾ ਸੀ ਅਤੇ ਫੌਜਾਂ ਦਾ ਸੈਨਾਪਤੀ ਸੀ ਅਤੇ ਕੱਟੜ ਸਨਾਤਨੀ, ਮਨੂੰਵਾਦੀ ਸੋਚ ਦਾ ਮਾਲਕ ਸੀ, ਉਹ ਕਿਸੇ ਸੂਰਤ ਵਿਚ ਵੀ ਬਰਦਾਸ਼ਤ ਨਹੀਂ ਕਰ ਸਕਦਾ ਸੀ ਕਿ ਸ਼ੂਦਰ ਭਗਤਾਂ ਦੀ ਬਾਣੀ ਨੂੰ ਰੱਬੀ ਰੂਪ ਦਿੱਤਾ ਜਾਏ, ਕਿਉਂਕਿ 'ਰਾਮ' ਕਾਲ ਵਿਚ ਸ੍ਰੀ ਰਾਮ ਚੰਦਰ ਨੇ ਸ਼ੰਭੂਕ ਰਿਸ਼ੀ ਨੂੰ ਇਸੇ ਕਰਕੇ ਕਤਲ ਕਰ ਦਿੱਤਾ ਸੀ ਕਿ ਉਹ ਸ਼ੂਦਰ ਹੋ ਕੇ ਰੱਬ ਦੀ ਭਗਤੀ ਕਿਉਂ ਕਰਦਾ ਹੈ।

ਸ੍ਰੀ ਵਾਲਮੀਕ ਰਮਾਇਣ ਦੇ ਉੱਤਰ ਕਾਂਡ 73-74-75-76 ਇਸ ਗੱਲ ਦੀ ਗਵਾਹੀ ਦਿੰਦੇ ਹਨ।

ਜਦੋਂ ਸ਼ੂਦਰਾਂ ਲਈ ਵੇਦ ਭਾਸ਼ਾ ਪੜ੍ਹਨੀ ਮੌਤ ਨੂੰ ਵਾਜਾਂ ਮਾਰਨ ਵਾਲੀ ਗੱਲ ਸੀ, ਤਦ ਸ਼ੂਦਰ ਭਗਤਾਂ ਵਿਚੋਂ, ਸ੍ਰੀ ਗੁਰੂ ਰਵਿਦਾਸ ਜੀ ਨੇ ਆਪਣੀ ਵੱਖਰੀ ਲਿਪੀ ਤਿਆਰ ਕਰ ਲਈ ਜਿਸ ਨੂੰ ਗੁਰਮੁਖੀ ਲਿਪੀ ਕਿਹਾ ਗਿਆ, ਇਸੇ ਗੁਰਮੁਖੀ ਲਿਪੀ ਵਿਚ ਅਖੌਤੀ ਸ਼ੂਦਰ ਭਗਤਾਂ ਨੇ ਆਪਣੀ ਬਾਣੀ ਲਿਖੀ, ਸਿੱਖ ਗੁਰੂ ਸਾਹਿਬਾਨਾਂ ਨੇ ਵੀ ਇਸੇ ਗੁਰਮੁਖੀ ਲਿੱਪੀ ਵਿਚ ਆਪਣੀ ਬਾਣੀ ਲਿਖ ਕੇ ਮਨੂੰਵਾਦ 'ਤੇ ਇਕ ਚੋਟ ਮਾਰੀ ਅਤੇ ਅਖੌਤੀ ਸ਼ੂਦਰ ਭਗਤਾਂ ਦਾ ਮਾਣ ਸਤਿਕਾਰ ਕੀਤਾ।

ਮਨੂੰਵਾਦੀ ਜ਼ਹਿਨੀਅਤ ਦੇ ਮਾਲਕ ਅੱਜ ਵੀ ਗੁਰਮੁਖੀ ਲਿੱਪੀ ਨੂੰ ਸ਼ੂਦਰ ਲਿੱਪੀ ਤਸੱਵਰ ਕਰਦੇ ਹਨ, ਇਥੋਂ ਤੱਕ ਕਿ ਜੇ ਕੋਈ ਸ਼ਮਸ਼ਾਨਘਾਟ ਲਈ ਕੁਝ ਮਾਇਆ ਦਾਨ ਕਰਦਾ ਹੈ, ਉਹ ਕਿਸੇ ਵੀ ਸੂਰਤ ਵਿਚ ਸ਼ਮਸ਼ਾਨਘਾਟ ਵਿਚ ਪੰਜਾਬੀ ਅੱਖਰਾਂ ਵਿਚ ਉਸ ਦੇ ਨਾਮ ਦਾ ਵੇਰਵਾ ਨਹੀਂ ਦੇਣਗੇ ਤਾਂ ਕਿ ਗੁਰਮੁਖੀ ਲਿੱਪੀ ਨਾਲ ਸ਼ਮਸ਼ਾਨਘਾਟ ਭ੍ਰਿਸ਼ਟ ਨਾ ਹੋ ਜਾਏ। ਸੰਨ 1951 ਵਿਚ ਜਦੋਂ ਪੰਜਾਬੀ ਐਜੀਟੇਸ਼ਨ ਚੱਲੀ ਸੀ ਤਾਂ ਇਹ ਮਨੂੰਵਾਦੀ ਨਾਜ਼ੀਆਂ ਨੇ ਇਹ ਨਾਅਰੇ ਲਾਏ ਸਨ :-

"ਊੜਾ ਐੜੀ ਨਹੀਂ ਪੜ੍ਹੇਂਗੇ, ਜੂੜਾ ਜੂੜੀ ਕਾਟ ਧਰੇਂਗੇ।

ਖਾਲਸਾ ਪੰਥ ਦੇ ਸਿਰਜੇ ਹੋਏ ਇਸ ਪਵਿੱਤਰ ਬੂਟੇ ਦੀ ਛਾਂ ਥੱਲੇ, ਸਮਾਜ ਦੇ ਲਿਤਾੜੇ, ਪਿਛਾੜੇ, ਨਿਓਟੇ ਤੇ ਨਿਪੱਤੇ ਵਰਗ ਨੇ ਨਿੱਘ ਨੂੰ ਮਾਣਿਆ, ਉਸ ਦੇ ਨਾਲ ਨਾਲ ਇਸ ਪਵਿੱਤਰ ਬੂਟੇ ਦੇ ਫਲ ਤੋਂ ਸੰਤੁਸ਼ਟੀ ਵੀ ਪ੍ਰਾਪਤ ਕੀਤੀ, ਜਿਥੇ ਜ਼ਾਲਮ ਸਮਾਜ ਅਤੇ ਜ਼ਾਲਮ ਹਕੂਮਤ ਇਸ

ਪਵਿੱਤਰ ਬੂਟੇ ਨੂੰ ਛਾਂਗਦੀ ਰਹੀ, ਪਰ ਸਿੱਖ ਗੁਰੂ ਸਾਹਿਬਾਨ ਆਪਣੀਆਂ ਕੁਰਬਾਨੀਆਂ ਦੇ ਪ ਇਸ ਬੂਟੇ ਨੂੰ ਪਾਲਦੇ ਰਹੇ। ਅਖ਼ੀਰ ਅਜਿਹਾ ਸਮਾਂ ਆਇਆ ਕਿ ਇਸ ਪਵਿੱਤਰ ਬੂਟੇ ਨੂੰ ਜੜ੍ਹਾ ਤੋਂ ਹੀ ਪੁੱਟਣ ਦੀ ਜ਼ਾਲਮ ਸਮਾਜ ਅਤੇ ਜ਼ਾਲਮ ਹਕੂਮਤ ਨੇ ਕੋਸ਼ਿਸ਼ ਕੀਤੀ, ਤਦ ਸਰਬੰਸਦਾਨੀ ਦਸਵੇਂ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਦੇ ਵਿਸਾਖੀ ਦੇ ਪਵਿੱਤਰ ਦਿਹਾੜੇ ਪ ਇਕ ਕੌਤਕ ਕਰ ਵਿਖਾਇਆ। ਇਸ ਵਿਸ਼ਾਲ ਇਕੱਠ ਜਿਸ ਦੀ ਸੰਖਿਆ 80 ਹਜ਼ਾਰ ਦੇ ਕਰੀਬ ਸੀ, ਵਿਚੋਂ "ਸਿਰ ਲੱਥ ਯੋਧਿਆਂ ਦੀ ਫ਼ੌਜ ਤਿਆਰ ਕਰਕੇ, ਪੰਥ ਸਾਜਿਆ ਖੰਡੇ ਦੀ ਧਾਰ ਵਿਚੋਂ" ਇਸ ਇਤਿਹਾਸਕ ਪਵਿੱਤਰ ਦਿਹਾੜੇ 'ਤੇ, ਸਿਰਫ਼ ਭਾਈ ਦਇਆ ਰਾਮ (ਭਾਈ ਦਇਆ ਸਿੰਘ) ਖੱਤਰੀ ਵਰਣ ਵਿਚੋਂ ਸਨ, ਬਾਕੀ ਚਾਰੇ ਸਿੰਘ ਸ਼ੂਦਰ ਜਾਤੀ ਨਾਲ ਸੰਬੰਧਿਤ ਸਨ, ਉਹਨਾਂ ਸਭਨਾਂ ਨੂੰ ਇਕੋ ਬਾਟੇ ਵਿਚੋਂ ਅੰਮ੍ਰਿਤਪਾਨ ਛਕਾ ਕੇ, ਉਨ੍ਹਾਂ ਦੀ ਪਿਛਲੀ ਜਾਤ-ਵਰਣ ਖ਼ਤਮ ਕਰਕੇ ਇਕ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਮਾਤਾ ਸਾਹਿਬ ਕੌਰ ਜੀ ਅਤੇ ਵਸਨੀਕ ਸ੍ਰੀ ਅਨੰਦਪੁਰ ਸਾਹਿਬ, ਮੁਕੱਰਰ ਕਰ ਦਿੱਤਾ ਸੀ, ਜਿਸ ਕਰਕੇ ਇਹ ਮਨੂੰਵਾਦੀ ਗੁਰੂ ਸਾਹਿਬਾਨਾਂ ਦੇ ਖਿਲਾਫ਼ ਜਲ ਬਲ ਕੇ ਕੋਇਲਾ ਹੋ ਗਏ।

ਬਾਈਧਾਰ ਦੇ ਰਾਜੇ ਜੋ ਮਨੂੰਵਾਦ ਦੇ ਪੁਜਾਰੀ ਸਨ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਾਨੀ ਦੁਸ਼ਮਣ ਹੋ ਗਏ, ਜਦੋਂ ਰਾਜਾ ਭੀਮ ਚੰਦ ਪਹਾੜੀ ਰਾਜੇ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਦੋ ਵਾਰ ਸ਼ਿਕਸਤ ਖਾਧੀ ਤਾਂ ਤੀਜੀ ਵਾਰ ਹਮਲਾ ਕਰਨ ਲਈ ਰਾਜਾ ਭੀਮ ਚੰਦ ਨੇ ਸਰਹੰਦ ਦੇ ਸੂਬੇ ਨੂੰ ਵੀਹ ਹਜ਼ਾਰ ਰੁਪਏ ਨਕਦ ਅਤੇ ਇਕ ਆਪਣੇ ਖਾਨਦਾਨ ਵਿਚੋਂ ਲੜਕੀ ਦਾ ਡੋਲਾ ਦਿੱਤਾ, ਜਦੋਂ ਇਸ ਹਮਲੇ ਵਿਚ ਵੀ ਸ਼ਿਕਸਤ ਖਾਧੀ ਤਾਂ ਔਰੰਗਜ਼ੇਬ ਦੇ ਦਰਬਾਰ ਵਿਚ ਰਾਜਾ ਭੀਮ ਚੰਦ ਪਹਾੜੀ ਰਾਜੇ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖਿਲਾਫ਼ ਲੂਤੀਆਂ ਲਾਈਆਂ ਅਤੇ ਉਸ ਦੇ ਨਾਲ ਮਿਲਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖਿਲਾਫ਼ ਸ੍ਰੀ ਅਨੰਦਪੁਰ ਸਾਹਿਬ 'ਤੇ ਹਮਲਾ ਕੀਤਾ ਜਿਸ ਦੇ ਇਤਿਹਾਸ ਵਿਚ ਖ਼ੂਨੀ ਵਰਕੇ ਲਥਪਥ ਹਨ।

ਇਥੇ ਪ੍ਰਿੰਸੀਪਲ ਗੰਗਾ ਸਿੰਘ ਜੀ ਦੇ ਸਮੇਂ ਜਦੋਂ ਮਹਾਤਮਾ ਗਾਂਧੀ ਨੇ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਇਕ ਭੁੱਲੇ ਹੋਏ ਰਹਿਬਰ ਆਖਿਆ ਸੀ ਅਤੇ ਨਾਲ ਹੀ ਕਿਹਾ ਸੀ ਕਿ

"ਵਿਚਾਰ ਦੀ ਗੱਲ ਕਰਦਿਆਂ ਕਰਦਿਆਂ ਤਲਵਾਰ ਦੀ ਗੱਲ ਕਰ ਬੈਠੇ"

ਇਸ ਸਬੰਧੀ ਪ੍ਰਿੰਸੀਪਲ ਗੰਗਾ ਸਿੰਘ ਜੀ ਨੇ ਅਹਿਮਦਾਬਾਦ ਵਿਖੇ ਇਸ ਵਿਸ਼ੇ 'ਤੇ ਮਹਾਤਮਾ ਗਾਂਧੀ ਨਾਲ ਜੋ ਵਿਚਾਰ-ਵਟਾਂਦਰਾ ਕੀਤਾ, ਉਸ ਬਾਰੇ ਵਿਸਥਾਰ ਸਹਿਤ ਦੂਸਰੇ ਲੇਖ ਵਿਚ ਰੌਸ਼ਨੀ ਪਾਈ ਜਾਵੇਗੀ।

ਇਥੇ ਸਿਰਫ਼ ਇਸੇ ਵਿਸ਼ੇ 'ਤੇ ਲੇਖ ਖਤਮ ਕੀਤਾ ਜਾਂਦਾ ਹੈ ਕਿ ਖਾਲਸੇ ਦੀ ਸਿਰਜਣਾ ਮਨੂੰਵਾਦੀ ਗ੍ਰੰਥਾਂ ਦੀਆਂ ਅਣਮਨੁੱਖੀ ਕਾਰਵਾਈਆਂ ਤੇ ਜ਼ਾਲਮ ਹਕੂਮਤ ਦੇ ਕਾਰਣ ਹੋਈ ਜਿਨ੍ਹਾਂ ਨਾਲ ਇਨਸਾਨੀਅਤ ਦਾ ਘਾਣ ਕੀਤਾ ਜਾ ਰਿਹਾ ਸੀ।

ਗੁਰੂ ਗੋਬਿੰਦ ਸਿੰਘ ਜੀ ਦਾ ਫ਼ੁਰਮਾਨ :-

"ਜਿਨਕੀ ਜਾਤਿ ਵਰਣ ਕੁਲ ਮਾਹੀਂ, ਸਰਦਾਰੀ ਨਹੀ ਭਈ ਕਦਾਹੀਂ॥
ਉਨਹੀ ਕਉ ਸਰਦਾਰ ਬਨਾਵਉ, ਤਬੈ ਗੋਬਿੰਦ ਸਿੰਘ ਨਾਮੁ ਕਹਾਵਉ॥

* * *

ਨੋਟ—ਸੰਸਥਾ ਦੇ ਹੈੱਡ ਆਫਿਸ ਵਿਚ ਸਵੇਰੇ 8 ਵਜੇ ਤੋਂ 11 ਵਜੇ ਤੱਕ ਹੀ ਟੈਲੀਫੋਨ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਨਵੀਂ ਪਨੀਰੀ ਲਈ ਚੰਗੇ ਮਾਲੀਆਂ ਦੀ ਜ਼ਰੂਰਤ

*—ਕਾਂਸ਼ੀ ਰਾਮ 'ਕਲੇਰ'**

ਇਤਿਹਾਸ ਘੋਖਣ 'ਤੇ ਪਤਾ ਚੱਲਦਾ ਹੈ ਕਿ ਪ੍ਰਾਚੀਨ ਸਮੇਂ ਵਿਚ ਆਦਮੀ ਕੀ ਸੀ ? ਉਸਦੀ ਹਾਲਤ ਅੱਜ ਦੇ ਆਦਮੀ ਨਾਲੋਂ ਬਹੁਤ ਹੀ ਵੱਖਰੀ ਸੀ। ਇਨਸਾਨ ਜਾਨਵਰਾਂ ਵਾਂਗ ਹੀ ਜੀਵਨ ਬਤੀਤ ਕਰਦਾ ਸੀ। ਹੌਲੀ ਹੌਲੀ ਸਮੇਂ ਦੀ ਤਬਦੀਲੀ ਅਨੁਸਾਰ ਇਨਸਾਨ ਅੰਦਰ ਸੋਚਣ ਸ਼ਕਤੀ ਪੈਦਾ ਹੋਈ, ਉਸਨੂੰ ਆਪਣੀਆਂ ਜ਼ਰੂਰਤਾਂ ਦਾ ਅਹਿਸਾਸ ਹੋਇਆ। ਉਨ੍ਹਾਂ ਜ਼ਰੂਰਤਾਂ ਦੀ ਪੂਰਤੀ ਲਈ ਸਾਧਨਾਂ ਦੀ ਜ਼ਰੂਰਤ ਪਈ। ਇਸ ਪ੍ਰਕਾਰ ਇਨਸਾਨ ਦੀ ਬੁੱਧੀ ਦਾ ਵਿਕਾਸ ਹੁੰਦਾ ਗਿਆ। ਇਹ ਇਕ ਬਹੁਤ ਲੰਬਾ ਚੌੜਾ ਤਾਣਾ ਬਾਣਾ ਹੈ। ਮੈਂ ਇਥੇ ਸਿਰਫ਼ ਆਉਣ ਵਾਲੀ ਨਵੀਂ ਪਨੀਰੀ ਦੇ ਸੰਬੰਧ ਵਿਚ ਹੀ ਆਪਣੇ ਵਿਚਾਰ ਲਿਖਦਾ ਹਾਂ। ਹਰ ਸਮਾਜ ਦਾ ਨੌਜੁਆਨ ਵਰਗ ਉਸ ਸਮਾਜ ਦੀ ਰੀੜ੍ਹ ਦੀ ਹੱਡੀ ਹੁੰਦਾ ਹੈ। ਲੋੜ ਸਿਰਫ਼ ਇਸ ਵਰਗ ਦੇ ਮਾਰਗ ਦਰਸ਼ਨ ਦੀ ਹੁੰਦੀ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਨਵੀਂ ਪੀੜ੍ਹੀ ਦੇ ਨੌਜੁਆਨਾਂ ਦੀ ਸੁਚੱਜੀ ਅਗਵਾਈ ਕੀਤੀ ਜਾਵੇ। ਇਨ੍ਹਾਂ ਨੂੰ ਸਹੀ ਧਾਰਮਿਕ ਅਤੇ ਸਮਾਜਿਕ ਦਿਸ਼ਾ ਪ੍ਰਦਾਨ ਕੀਤੀ ਜਾਵੇ। ਭਾਰਤ ਅੰਦਰ ਇਥੋਂ ਦਾ ਇਕ ਵਰਗ (ਦਲਿਤ ਸਮਾਜ) ਜੋ ਸਦੀਆਂ ਤੋਂ ਧਾਰਮਿਕ ਅਤੇ ਸਮਾਜਿਕ ਤੌਰ 'ਤੇ ਪਛੜਿਆ ਹੋਇਆ ਹੈ ਜਿਸਦੇ ਪਛੜੇਪਨ ਦੇ ਅਨੇਕਾਂ ਕਾਰਨ ਹਨ। ਜਿਨ੍ਹਾਂ ਵਿਚ ਸਭ ਤੋਂ ਵੱਡਾ ਕਾਰਨ ਇਸ ਦਾ ਮਿਸ਼ਨ ਇਕ ਨਾ ਹੋਣਾ ਅਤੇ ਦੂਸਰਾ ਇਥੋਂ ਦੇ ਰੀਤੀ-ਰਿਵਾਜਾਂ ਅਤੇ ਤਿਉਹਾਰਾਂ ਨੂੰ ਗ਼ਲਤ ਢੰਗਾਂ ਨਾਲ ਮਨਾਉਣਾ ਹੈ। ਜਿਥੋਂ ਤੱਕ ਮਿਸ਼ਨ ਦੀ ਗੱਲ ਹੈ ਕੋਈ ਵੀ ਅਜਿਹਾ ਸੁਆਲ ਨਹੀਂ ਜੋ ਹੱਲ ਨਹੀਂ ਹੋ ਸਕਦਾ ਅਗਰ ਸ੍ਰੀ ਗੁਰੂ ਰਵਿਦਾਸ ਜੀ ਦੇ ਮਿਸ਼ਨ ਨੂੰ ਅਪਣਾ ਲਈਏ। ਅੱਜ ਉਹ ਦੇਸ਼ ਤਰੱਕੀ ਦੀਆਂ ਲੀਹਾਂ 'ਤੇ ਹਨ ਜਿਥੋਂ ਦੀਆਂ ਸਰਕਾਰਾਂ 'ਬੇਗ਼ਮਪੁਰਾ' ਸ਼ਬਦ ਦੀ ਤਰਜ਼ 'ਤੇ ਕੰਮ ਕਰ ਰਹੀਆਂ ਹਨ। ਇਹ ਬਦਕਿਸਮਤੀ ਦੀ ਗੱਲ ਹੈ ਕਿ ਸਾਡੇ ਪਾਸ ਗੁਰੂ ਸਾਹਿਬਾਂ ਦਾ ਉੱਚਾ ਤੇ ਸੁੱਚਾ ਮਿਸ਼ਨ ਹੈ ਜੋ ਬੇਗ਼ਮਪੁਰਾ ਸ਼ਹਿਰ ਦੀ ਸਥਾਪਨਾ ਦਾ ਮੁਦੱਈ ਹੈ ਪਰ ਅਸੀਂ ਉਸ ਨੂੰ ਅਪਣਾ ਨਹੀਂ ਰਹੇ। ਸਾਡੇ ਸਮਾਜ ਦੀ ਉੱਨਤੀ ਵਿਚ ਰੁਕਾਵਟ ਸਭ ਤੋਂ ਵੱਧ ਇਥੋਂ ਦੇ ਰੀਤੀ-ਰਿਵਾਜ ਅਤੇ ਤਿਉਹਾਰ ਹਨ। ਅਸੀਂ ਬੱਚੇ ਦੇ ਜਨਮ ਤੋਂ ਲੈ ਕੇ ਉਸ ਦੀ ਮੌਤ ਦੀ ਅੰਤਿਮ ਅਰਦਾਸ ਤੱਕ ਦਿਖਾਵੇ ਵਿਚ ਫਸੇ ਹੋਏ ਹਾਂ। ਲੱਖਾਂ ਰੁਪਏ ਬੇ-ਅਰਥ ਖਰਚੀ ਜਾ ਰਹੇ ਹਾਂ। ਅਗਰ ਸਾਡੇ ਪਾਸ ਕੋਈ ਸਕੂਲ ਜਾਂ ਹਸਪਤਾਲ ਦੀ ਮਦਦ ਲਈ ਆਵੇ ਤਾਂ ਅਸੀਂ ਸਾਫ਼ ਇਨਕਾਰ ਕਰ ਦਿੰਦੇ ਹਾਂ। ਇਥੋਂ ਤੱਕ ਕਿ ਅਸੀਂ ਆਪਣੇ ਗੁਰੂ ਸਾਹਿਬਾਂ ਦੇ ਦਿਨ ਦਿਹਾੜੇ ਮਨਾਉਣ ਲਈ ਵੀ ਰਾਗੀ ਢਾਡੀ, ਕੀਰਤਨੀ ਜਾਂ ਕਥਾਵਾਚਕ ਜਥਿਆਂ ਦੀ ਥਾਂ ਸੰਗੀਤ ਪਾਰਟੀਆਂ ਨੂੰ ਸੱਦਾ ਦਿੰਦੇ ਹਾਂ। ਇਹੋ ਜਿਹੀ ਫ਼ਜ਼ੂਲ ਖਰਚੀ ਨਾਲ ਸਾਨੂੰ ਆਰਥਿਕ ਢਾਹ ਤਾਂ ਲੱਗਦੀ ਹੀ ਹੈ, ਇਸਦੇ ਨਾਲ-ਨਾਲ ਧਾਰਮਿਕ ਚੇਤਨਤਾ ਪੈਦਾ ਕਰਨ ਵਿਚ ਵੀ ਭਾਰੀ ਰੁਕਾਵਟ ਆਉਂਦੀ ਹੈ। ਦੀਵਾਲੀ ਦੇ ਦਿਨ 'ਤੇ ਲੱਖਾਂ ਕ੍ਰੋੜਾਂ ਰੁਪਏ ਦਾ ਪਟਾਖਾ, ਘਟੀਆ ਮਠਿਆਈਆਂ ਖਾਣਾ ਸਾਡੀ ਸਿਹਤ ਲਈ ਹਾਨੀਕਾਰਕ ਹੈ। ਅਸੀਂ ਦੇਖਦੇ ਹਾਂ ਕਿ ਕਿੰਨੀ ਜ਼ਮੀਨ ਫਜ਼ੂਲ ਦੇ ਸਮਾਗਮਾਂ ਲਈ ਰਾਖਵੀਂ ਰੱਖੀ ਹੋਈ ਹੈ ਜੋ ਸਾਲ ਬਾਅਦ ਵਰਤੋਂ ਵਿਚ ਲਿਆਂਦੀ ਜਾਂਦੀ ਹੈ। ਲੋਹੜੀ ਦਾ ਤਿਉਹਾਰ ਜੋ ਅਸੀਂ ਵੱਡੇ ਦਿਨਾਂ ਤੋਂ ਬਾਅਦ ਮਨਾਉਂਦੇ ਹਾਂ, ਇਸ ਦਿਨ ਬੱਚੇ ਗਲ ਵਿਚ ਝੋਲੇ ਪਾ ਕੇ ਮੰਗਣ ਤੁਰਦੇ ਹਨ, ਕੀ ਉਨ੍ਹਾਂ ਅੰਦਰ ਹੀਣ ਭਾਵਨਾ ਨਹੀਂ ਪੈਦਾ ਹੁੰਦੀ ਹੋਵੇਗੀ। ਸਾਨੂੰ ਨਵੀਂ ਪੀੜ੍ਹੀ ਦੀ ਸੋਚ ਬਦਲਣ ਲਈ ਨਵੇਂ ਤਰੀਕੇ ਅਪਣਾਉਣੇ ਪੈਣਗੇ ਅਤੇ ਇਨ੍ਹਾਂ ਸਦੀਆਂ ਤੋਂ ਚਲੇ ਆ

---

*ਪਿੰਡ ਜੰਡੂ ਸਿੰਘਾ, ਜਲੰਧਰ।

ਰਹੇ ਤਿਉਹਾਰਾਂ 'ਤੇ ਵਿਚਾਰ ਕਰਨ ਦੀ ਜ਼ਰੂਰਤ ਹੈ। ਅਗਰ ਅਸੀਂ ਫ਼ਜ਼ੂਲ ਖਰਚੀ ਨੂੰ ਰੋਕ ਕੇ ਸਮਾਜ ਅੰਦਰ ਚੇਤੰਨਤਾ ਪੈਦਾ ਕਰਨ ਲਈ ਅਤੇ ਨਵੀਂ ਪਨੀਰੀ ਨੂੰ ਸੇਧ ਦੇਣ ਲਈ ਚੰਗਾ ਲਿਟਰੇਚਰ, ਚੰਗੇ ਵਿਦਿਅਕ ਅਦਾਰਿਆਂ ਦੀ ਸਥਾਪਨਾ ਕਰੀਏ ਤਾਂ ਸਮਾਜ ਖੁਸ਼ਹਾਲ ਬਣ ਸਕਦਾ ਹੈ ਪਰ ਦੁੱਖ ਦੀ ਗੱਲ ਤਾਂ ਇਹ ਹੈ ਕਿ ਦਲਿਤ ਸਮਾਜ ਦੇ ਇਕ ਦੋ ਨੇਤਾਵਾਂ (ਰਾਜਨੀਤਿਕ) ਅਤੇ ਇਕ ਦੋ ਡੇਰਿਆਂ (ਧਾਰਮਿਕ ਸੰਸਥਾਵਾਂ) ਤੋਂ ਬਿਨਾਂ ਕਿਸੇ ਨੇ ਵੀ ਸਮਾਜ ਦੀ ਪੀੜਾ ਨੂੰ ਨਹੀਂ ਸਮਝਿਆ। ਡਾ: ਅੰਬੇਡਕਰ, ਬਾਬੂ ਜਗਜੀਵਨ ਰਾਮ ਵਰਗੇ ਨੇਤਾ ਪੈਦਾ ਕਰਨ ਵਿਚ ਕੌਮ ਅਸਮਰਥ ਰਹੀ ਅਤੇ ਨਾ ਹੀ ਡੇਰਾ ਸੱਚਖੰਡ ਬੱਲਾਂ ਅਤੇ ਹੋਰ ਇਕ ਦੋ ਡੇਰੇ ਦੇ ਮਹਾਂਪੁਰਸ਼ਾਂ ਤੋਂ ਬਿਨਾਂ ਕਿਸੇ ਨੇ ਕੌਮ ਨੂੰ ਸਮਾਜਿਕ ਅਤੇ ਧਾਰਮਿਕ ਸੇਧ ਪ੍ਰਦਾਨ ਕੀਤੀ।

ਮੇਰੀ ਉਕਤ ਚਰਚਾ ਤੋਂ ਇਹ ਭਾਵ ਨਹੀਂ ਕਿ ਸਾਨੂੰ ਕੋਈ ਤਿਉਹਾਰ ਨਹੀਂ ਮਨਾਉਣਾ ਚਾਹੀਦਾ ਜਾਂ ਸਮਾਜੀ ਰਸਮਾਂ ਨਹੀਂ ਕਰਨੀਆਂ ਚਾਹੀਦੀਆਂ। ਸਾਨੂੰ ਆਪਣੇ ਸਾਰੇ ਸਮਾਜੀ ਕੰਮ ਕਰਨੇ ਚਾਹੀਦੇ ਹਨ ਲੇਕਿਨ ਫ਼ਜ਼ੂਲ ਖਰਚ ਕਰਕੇ ਨਹੀਂ। ਤਿਉਹਾਰ ਵੀ ਮਨਾਉਣੇ ਚਾਹੀਦੇ ਹਨ ਅਗਰ ਘਟੀਆ ਮਠਿਆਈ ਦੀ ਥਾਂ ਜਾਂ ਪਟਾਖਿਆਂ ਦੀ ਥਾਂ ਵਧੀਆ ਪੁਸਤਕਾਂ ਖਰੀਦੀਆਂ ਜਾਣ। ਗੁਰਪੁਰਬ ਮਨਾਉਣੇ ਚਾਹੀਦੇ ਹਨ, ਧਾਰਮਿਕ ਮਰਿਆਦਾ ਨਾਲ, ਪਰੰਤੂ ਸ਼ੋਰ ਸ਼ਰਾਬੇ ਨਾਲ ਨਹੀਂ। ਇਹ ਸਭ ਕੁਝ ਤਾਂ ਹੀ ਸੰਭਵ ਹੈ ਅਗਰ ਸਾਡੀਆਂ ਸਭਾਵਾਂ, ਸਾਡੇ ਧਾਰਮਿਕ ਡੇਰੇ ਇਸ ਪਾਸੇ ਵੱਲ ਉਚਿਤ ਧਿਆਨ ਦੇਣ ਅਤੇ ਇਕ ਚੰਗੇ ਮਾਲੀ ਦੀ ਤਰ੍ਹਾਂ ਕੌਮ ਦੀ ਪਨੀਰੀ ਰੂਪੀ ਫੁਲਵਾੜੀ ਦੀ ਦੇਖ ਰੇਖ ਕਰਨ। ਅੱਜ ਦੇ ਮੁਕਾਬਲੇ ਦੇ ਯੁੱਗ ਵਿਚ ਸਮੇਂ ਦੀ ਤਬਦੀਲੀ ਅਨੁਸਾਰ ਅਤੇ ਵਧ ਰਹੀ ਆਪੋ ਧਾਪੀ, ਭ੍ਰਿਸ਼ਟਾਚਾਰ, ਮਹਿੰਗਾਈ ਵਿਚ ਸਾਡਾ ਜੀਵਨ ਬਹੁਤ ਔਕੜਾਂ ਭਰਿਆ ਬਣਦਾ ਜਾ ਰਿਹਾ ਹੈ। ਇਕ ਮਿਹਨਤ ਮਜ਼ਦੂਰੀ ਕਰਨ ਵਾਲੇ ਵਿਅਕਤੀ ਲਈ ਬੱਚਿਆਂ ਦੀ ਪੜ੍ਹਾਈ ਕਰਾਉਣਾ ਬਹੁਤ ਮੁਸ਼ਕਿਲ ਹੋ ਰਿਹਾ ਹੈ। ਕਿਤਾਬਾਂ ਦੇ ਵਧਦੇ ਖਰਚੇ, ਫੀਸਾਂ ਵਿਚ ਵਾਧਾ, ਵਜ਼ੀਫੇ ਦਾ ਨਾ ਮਿਲਣਾ ਇਨ੍ਹਾਂ ਮੁਸ਼ਕਿਲਾਂ ਨੂੰ ਜਨਮ ਦੇਣਾ ਹੈ। ਸਾਡੇ ਰਿਜ਼ਰਵ ਸੀਟਾਂ ਤੋਂ ਚੁਣੇ ਹੋਏ ਨੁਮਾਇੰਦੇ ਜਿਨ੍ਹਾਂ ਦਾ ਇਹ ਫਰਜ਼ ਬਣਦਾ ਹੈ ਕਿ ਉਹ ਇਨ੍ਹਾਂ ਸਮੱਸਿਆਵਾਂ ਨੂੰ ਵਿਧਾਨ ਸਭਾ ਜਾਂ ਲੋਕ ਸਭਾ ਵਿਚ ਉਠਾਉਣ, ਇਨ੍ਹਾਂ ਬਾਰੇ ਬਿਲਕੁੱਲ ਚੁੱਪ ਹਨ ਅਤੇ ਆਪਣੇ ਆਪ ਨੂੰ ਗਰੀਬਾਂ ਦੇ ਹਮਦਰਦ, ਮਹਾਨ ਸਮਾਜ ਸੇਵਕ ਕਹਾਉਂਦੇ ਹਨ। ਇਨ੍ਹਾਂ ਚੌਧਰ ਦੇ ਭੁੱਖੇ ਨੇਤਾਵਾਂ ਦੀ ਕੌਮ ਨੂੰ ਕੋਈ ਦੇਣ ਨਹੀਂ। ਗਰੀਬ ਦਿਨੋ ਦਿਨ ਗਰੀਬ ਹੁੰਦਾ ਜਾ ਰਿਹਾ ਹੈ, ਅਨੇਕਾਂ ਨੌਜੁਆਨ ਡਿਗਰੀਆਂ ਲੈ ਕੇ ਬੇਰੁਜ਼ਗਾਰੀ ਦੀ ਚੱਕੀ ਵਿਚ ਪਿੱਸ ਰਹੇ ਹਨ। ਇਹ ਨੌਜੁਆਨ ਦੇਸ਼ ਦੀ ਤਰੱਕੀ ਵਿਚ ਕੀ ਯੋਗਦਾਨ ਪਾ ਸਕਦੇ ਹਨ ਸਗੋਂ ਉਲਟ ਨਸ਼ਿਆਂ ਦੀ ਭਰਮਾਰ ਵਿਚ ਫਸ ਕੇ ਸਮਾਜ 'ਤੇ ਬੋਝ ਬਣਦੇ ਜਾ ਰਹੇ ਹਨ। ਇਸ ਲਈ ਜਿਥੇ ਸਾਡੇ ਧਾਰਮਿਕ ਆਗੂਆਂ, ਸਮਾਜ ਸੇਵੀ ਸੰਸਥਾਵਾਂ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਨਵੀਂ ਪੀੜ੍ਹੀ ਦੀ ਪੂਰੀ ਜ਼ਿੰਮੇਵਾਰੀ ਨਾਲ ਸਰਬ-ਪੱਖੀ ਵਿਕਾਸ ਵਿਚ ਮਦਦ ਕਰਨ ਉਥੇ ਸਾਡੇ ਰਾਜਨੀਤਿਕ ਨੇਤਾਵਾਂ ਦਾ ਵੀ ਫ਼ਰਜ਼ ਬਣਦਾ ਹੈ ਕਿ ਉਹ ਸਰਕਾਰ ਵਿਚ ਬੈਠ ਕੇ ਇਹ ਗੱਲ ਕਦੇ ਵੀ ਨਾ ਭੁੱਲਣ ਕਿ ਅਸੀਂ ਇਸ ਕੁਰਸੀ ਉੱਪਰ ਇਸ ਗਰੀਬ ਜਨਤਾ ਦੀ ਬਦੌਲਤ ਹੀ ਪਹੁੰਚੇ ਹਾਂ।

* * *

ਨੋਟ—ਇਸ ਪੰਫਲਿਟ ਵਿਚ ਛਪੇ ਲੇਖਕਾਂ ਦੇ ਵਿਚਾਰ ਆਪੋ-ਆਪਣੇ ਹਨ। ਜੇ ਕੋਈ ਪਾਠਕ ਲੇਖਕ ਨਾਲ ਰਾਬਤਾ ਕਾਇਮ ਕਰਨਾ ਚਾਹੁੰਦਾ ਹੈ ਤਾਂ ਉਹ ਉਨ੍ਹਾਂ ਦੇ ਪਤੇ 'ਤੇ ਚਿੱਠੀ-ਪੱਤਰ ਕਰ ਸਕਦਾ ਹੈ।

# ਸ੍ਰੀ ਗੁਰੂ ਰਵਿਦਾਸ ਅਤੇ ਸਮਾਜਵਾਦ

—ਪਰਮਜੀਤ ਵਿਰਦੀ, ਲੰਮਾ ਪਿੰਡ, ਜਲੰਧਰ

ਜਦੋਂ ਪ੍ਰਮਾਤਮਾ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ ਤਾਂ ਹਰ ਪ੍ਰਾਣੀ ਨੂੰ ਬਰਾਬਰ ਦਾ ਹੱਕ ਦਿੱਤਾ ਭਾਵ ਰਾਜਨੀਤਿਕ, ਆਰਥਿਕ, ਸਭਿਆਚਾਰਕ, ਸਮਾਜਿਕ, ਵਿਦਿਅਕ ਆਦਿ ਹੱਕਾਂ ਤੋਂ ਇਲਾਵਾ ਜਿਊਂਦੇ ਰਹਿਣ ਲਈ ਬੁਨਿਆਦੀ ਹੱਕ ਸਮੁੱਚੀ ਮਾਨਵਤਾ ਨੂੰ ਦਿੱਤੇ। ਜਦੋਂ ਇਸ ਰਚਨਾ ਵਿਚ ਕੋਈ ਐਸਾ ਅਖੌਤੀ ਵਰਗ, ਜਿਹੜਾ ਆਪਣੇ ਆਪ ਨੂੰ ਸ਼ਕਤੀਸ਼ਾਲੀ ਸਮਝਣ ਲੱਗ ਪਿਆ ਤੇ ਕਮਜ਼ੋਰ (ਗੁਲਾਮ) ਵਰਗ ਉਪਰ ਅੱਤਿਆਚਾਰ ਕਰਨ ਲੱਗਾ। ਭਾਵ ਗੁਲਾਮ ਵਰਗ ਗੁਲਾਮੀ ਦੀ ਚੱਕੀ ਵਿਚ ਪਿਸ ਰਿਹਾ ਸੀ, ਅਖੌਤੀ ਧਾਰਮਿਕ ਨੇਤਾ ਭੋਲੀ ਭਾਲੀ, ਸਾਧਨਾਂ ਤੋਂ ਰਹਿਤ, ਅਨਪੜ੍ਹ ਜਨਤਾ ਨੂੰ ਗੁਮਰਾਹ ਕਰਦੇ ਸਨ, ਮਨੁੱਖ ਨੂੰ ਮਨੁੱਖ ਨਾਲ ਨਫ਼ਰਤ ਕਰਨੀ ਸਿਖਾਉਂਦੇ ਸਨ। ਇਸ ਤਰ੍ਹਾਂ ਦਾ ਵਾਤਾਵਰਣ ਸੀ ਕਿ ਸ਼ੂਦਰ ਮੰਦਰ ਵਿਚ ਪ੍ਰਵੇਸ਼ ਨਹੀਂ ਸੀ ਕਰ ਸਕਦੇ, ਵੇਦ ਪੜ੍ਹ ਸੁਣ ਨਹੀਂ ਸੀ ਸਕਦੇ ਤੇ ਹੋਰ ਕਈ ਤਰ੍ਹਾਂ ਦੀਆਂ ਆਰਥਿਕ, ਸਮਾਜਿਕ, ਰਾਜਨੀਤਿਕ, ਸਭਿਆਚਾਰਕ ਕੁਰੀਤੀਆਂ ਸਮਾਜ ਅੰਦਰ ਘਰ ਕਰ ਚੁੱਕੀਆਂ ਸਨ, ਚਾਰੇ ਪਾਸੇ ਘੋਰ ਹਨੇਰਾ ਸੀ। ਇਸ ਹਨੇਰੇ ਨੂੰ ਦੂਰ ਕਰਨ ਲਈ ਇਕ ਐਸੀ ਅਧਿਆਤਮਕ ਰੋਸ਼ਨੀ ਨੇ ਕੋਈ ਕਸਰ ਨਹੀਂ ਛੱਡੀ ਅਤੇ ਇਸ ਮਹਾਨ ਰੋਸ਼ਨੀ ਦਾ ਨਾਮ ਹੈ ਸ੍ਰੀ ਗੁਰੂ ਰਵਿਦਾਸ ਜੀ। ਗੁਰੂ ਜੀ ਨੇ ਬੇਵੱਸ ਲੋਕਾਂ ਉੱਪਰ ਹੋ ਰਹੇ ਜ਼ੁਲਮ ਦੇ ਖਿਲਾਫ ਸੱਚ ਦੀ ਆਵਾਜ਼ ਉਠਾਈ ਅਤੇ ਸਮਾਜਵਾਦ ਦੀ ਉਸਾਰੀ ਤੇ ਉਸਦੇ ਸਰੂਪ ਨੂੰ ਆਪਣੀ ਅਨਮੋਲ ਬਾਣੀ ਵਿਚ ਹੇਠਾਂ ਲਿਖੇ ਸ਼ਬਦ ਵਿਚ ਬਿਆਨ ਕੀਤਾ:

"ਬੇਗਮ ਪੁਰਾ ਸਹਰ ਕੋ ਨਾਉ॥ ਦੂਖ ਅੰਦੋਹੁ ਨਹੀ ਤਿਹਿ ਠਾਉ॥
ਕਹਿ ਰਵਿਦਾਸ ਖਲਾਸ ਚਮਾਰਾ॥ ਜੋ ਹਮ ਸਹਰੀ ਸੁ ਮੀਤ ਹਮਾਰਾ॥"

ਜੇਕਰ ਅਸੀਂ ਇਸ ਸ਼ਬਦ ਦੇ ਸਮਾਜਿਕ ਪੱਖ ਉਪਰ ਚਰਚਾ ਕਰੀਏ ਤਾਂ ਅਸੀਂ ਇਸ ਨਤੀਜੇ ਉਪਰ ਪਹੁੰਚਦੇ ਹਾਂ ਕਿ ਇਹ ਸ਼ਬਦ ਹੀ ਸਮਾਜਵਾਦ ਦਾ ਨੀਂਹ ਪੱਥਰ ਰੱਖਦਾ ਹੈ। ਗੁਰੂ ਰਵਿਦਾਸ ਜੀ ਇਸ ਸ਼ਬਦ ਵਿਚ ਇਸ ਤਰ੍ਹਾਂ ਦੇ ਸਮਾਜ (ਰਾਜ) ਦੀ ਸਥਾਪਨਾ ਕਰਨੀ ਚਾਹੁੰਦੇ ਹਨ ਜਿਸ ਵਿਚ ਹਰ ਮਨੁੱਖ, ਸਾਧਨਾਂ ਤੋਂ ਰਹਿਤ (ਗਰੀਬ) ਅਤੇ ਸਾਧਨਾਂ ਉਪਰ ਕਾਬਜ਼ ਵਰਗ (ਅਮੀਰ) ਦੋਵੇਂ ਹੀ ਖੁਸ਼ੀਆਂ ਖੇੜਿਆਂ ਦਾ ਅਨੰਦ ਮਾਨਣ ਤੇ ਉਥੇ ਕੋਈ ਗ਼ਮ ਨਾ ਹੋਵੇ ਪਰ ਬਹੁਤ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਭਾਰਤੀ ਸਮਾਜ ਵਿਚ ਅੱਜ ਵੀ ਬਹੁਤ ਤਰ੍ਹਾਂ ਦੇ ਦੁੱਖ, ਗਮ ਹਨ, ਅਮੀਰੀ ਗਰੀਬੀ ਜਾਤ-ਪਾਤ ਦਾ ਬੋਲਬਾਲਾ, ਇਕ ਧਰਮ ਦਾ ਦੂਜੇ ਧਰਮ ਨਾਲ ਗੈਰ ਮਨੁੱਖੀ ਵਰਤਾਉ ਆਦਿ ਜਾਰੀ ਹੈ।

ਇਸ ਸ਼ਬਦ ਵਿਚ ਗੁਰੂ ਸਾਹਿਬਾਨ ਜੀ ਅੱਗੇ ਫੁਰਮਾਉਂਦੇ ਹਨ ਕਿ ਕਿਸੇ ਵਿਅਕਤੀ ਤੋਂ ਦੂਜੇ ਵਿਅਕਤੀ ਦੁਆਰਾ ਕਿਸੇ ਤਰ੍ਹਾਂ ਦਾ ਕੋਈ (ਟੈਕਸ) ਕਰ ਨਹੀਂ ਲੈਣਾ ਚਾਹੀਦਾ, ਬੇਗਮਪੁਰੇ ਵਿਚ ਸਭ ਦੀ ਖੈਰ, ਭਲਾ ਹੋਣਾ ਚਾਹੀਦਾ ਹੈ, ਕੋਈ ਉੱਚਾ, ਨੀਵਾਂ, ਗਰੀਬ-ਅਮੀਰ, ਗੁਲਾਮ-ਆਜ਼ਾਦ, ਰੰਕ ਜਾਂ ਰਾਜਾ ਆਦਿ ਨਹੀਂ ਹੋਣਾ ਚਾਹੀਦਾ, ਕੋਈ ਕਿਸੇ ਨੂੰ ਵੀ ਕਿਸੇ ਵੀ ਪ੍ਰਕਾਰ ਦਾ ਦੁੱਖ ਨਹੀਂ ਦੇਵੇਗਾ ਅਰਥਾਤ ਜਿਹੜਾ ਵੀ ਇਸ ਬੇਗਮਪੁਰੇ ਦਾ ਨਾਗਰਿਕ (ਵਾਸੀ) ਹੋਵੇਗਾ ਉਹ ਸਾਡਾ ਸੱਚਾ ਸਾਥੀ, ਮਿੱਤਰ, ਦੋਸਤ ਹੋਵੇਗਾ।

ਸ਼ਬਦ ਦਾ ਹਰ ਬੰਦ ਆਪਣੇ ਆਪ ਵਿਚ ਇਕ ਸਿਧਾਂਤ ਸਮੋਈ ਬੈਠਾ ਹੈ। ਗੁਰੂ ਰਵਿਦਾਸ ਜੀ ਇਕ ਮਹਾਨ ਚਿੰਤਕ ਸਨ। ਉਨ੍ਹਾਂ ਦੀ ਦੂਰ-ਦ੍ਰਿਸ਼ਟੀ, ਡੂੰਘੀ ਸੋਚ, ਵਿਸ਼ਾਲ ਨਜ਼ਰੀਆ, ਵਿਸ਼ਵ-ਵਿਆਪੀ ਗਿਆਨ ਤੇ ਚਮਤਕਾਰੀ, ਕ੍ਰਾਂਤੀਕਾਰੀ, ਵਿਗਿਆਨਕ ਪਹੁੰਚ ਨੇ ਸ਼ਬਦ 'ਬੇਗਮ ਪੁਰਾ ਸਹਰ ਕੋ ਨਾਉ' ਵਿਚ ਵਿਸ਼ਵ ਵਿਆਪੀ ਵਿਚਾਰਧਾਰਾ ਦੀ ਸਿਰਜਣਾ ਕੀਤੀ,

ਜਿਹੜੀ ਅੱਜ ਦੇ ਵਿਸ਼ਵ ਦੇ ਮਹਾਨ ਚਿੰਤਕਾਂ ਦੀ ਵਿਚਾਰਧਾਰਾ ਨਾਲੋਂ ਕਿਤੇ ਵੱਧ ਵਿਗਿਆਨਕ, ਤਰਕਯੁਕਤ ਅਤੇ ਅਮਲ ਵਿਚ ਪੂਰੀ ਉਤਰਨ ਵਾਲੀ ਹੈ।

ਸੋ ਗੁਰੂ ਰਵਿਦਾਸ ਜੀ ਦਾ ਸੁਪਨਾ ਸੀ ਕਿ ਸਮੁੱਚਾ ਸਮਾਜ ਪੂਰੀ ਤਰ੍ਹਾਂ ਆਜ਼ਾਦ ਹੋਵੇ, ਸਭ ਦਾ ਮਾਨ-ਸਨਮਾਨ ਹੋਵੇ, ਅਨਿਆਂ ਨਹੀਂ, ਸਭ ਨਾਲ ਨਿਆਂ ਹੋਵੇ, ਜਾਤ-ਪਾਤ ਨਹੀਂ ਸਭ ਦਾ ਸਾਂਝਾ ਭਾਈਚਾਰਾ ਹੋਵੇ, ਸਮਾਜਿਕ ਸਮਾਨਤਾ ਅਤੇ ਆਰਥਿਕ ਮੁਕਤੀ ਹੋਵੇ, ਪਰ ਦੁੱਖ ਦੀ ਗੱਲ ਇਹ ਹੈ ਕਿ ਸੁਪਨਾ ਅੱਜ ਵੀ ਇਕ ਸੁਪਨਾ ਹੀ ਦਿਖਾਈ ਦਿੰਦਾ ਹੈ। ਗੁਰੂ ਰਵਿਦਾਸ ਜੀ ਦੇ ਬੇਗਮਪੁਰੇ (ਸਮਾਜਵਾਦ) ਉਪਰ ਪਹਿਰਾ ਦੇਣ ਦੀ ਸੋਚ ਰੱਖਦੇ ਹਰ ਵਿਅਕਤੀ ਦਾ ਫਰਜ਼ ਬਣਦਾ ਹੈ ਕਿ ਉਹ ਆਪਣੇ-ਆਪਣੇ ਖੇਤਰ ਅੰਦਰ ਗੁਰੂ ਜੀ ਦਾ ਸਮਾਜਵਾਦ ਲਿਆਉਣ ਦਾ ਜੋ ਸੁਪਨਾ ਸੀ ਉਸ ਨੂੰ ਪੂਰਾ ਕਰਨ ਲਈ ਇਮਾਨਦਾਰੀ ਨਾਲ ਅੱਗੇ ਆ ਕੇ ਕੰਮ ਕਰਨ, ਤਾਂ ਹੀ ਅਸੀਂ 'ਬੇਗਮਪੁਰਾ' (ਸਮਾਜਵਾਦ) ਦੀ ਸਥਾਪਨਾ ਕਰ ਸਕਦੇ ਹਾਂ।

* * *

# ਆ-ਧਰਮੀ ਨਹੀਂ ਆਦਿ-ਧਰਮੀ

*—ਪਰਮਜੀਤ ਵਿਰਦੀ, ਲੰਮਾ ਪਿੰਡ, ਜਲੰਧਰ*

ਅਕਸਰ ਜਦੋਂ ਕਿਸੇ ਸਰਕਾਰੀ ਦਫਤਰ ਵਿਚ ਸਾਥੋਂ ਜਾਤ ਬਾਰੇ ਪੁੱਛਿਆ ਜਾਂਦਾ ਹੈ ਤਾਂ ਅਸੀਂ ਫੱਟ ਆਖ ਦਿੰਦੇ ਹਾਂ ਆ-ਧਰਮੀ। ਅੱਗੋਂ ਲਿਖਣ ਵਾਲਾ ਵੀ ਜੇਕਰ ਉਸੇ ਤਰ੍ਹਾਂ ਦਾਂ ਹੋਵੇ ਤਾਂ ਉਹ ਇਹ ਹੀ ਲਿਖ ਦਿੰਦਾ ਹੈ। ਪਰ ਜੇਕਰ ਅਸੀਂ ਇਸਦਾ ਮਤਲਬ ਕੱਢੀਏ ਤਾਂ ਇਹ ਬਣਦਾ ਹੈ ਕਿ ਆ-ਧਰਮੀ ਭਾਵ ਸਾਡਾ ਕੋਈ ਧਰਮ ਨਹੀਂ ਹੈ। ਅਸੀਂ ਧਰਮ ਤੋਂ ਬਗੈਰ ਹੀ ਹਾਂ। ਜਦਕਿ ਜੋ ਠੀਕ ਨਾਮ ਹੈ ਉਹ ਹੈ ਆਦਿ-ਧਰਮੀ। ਇਹ ਸਾਡੇ ਪੂਰਵਜਾਂ ਨੇ ਬੜਾ ਸੋਚ ਸਮਝ ਕੇ ਨਾਮ ਰਖਿਆ ਹੈ ਕਿਉਂਕਿ ਸਮੂਹ ਦਲਿਤ ਸਮਾਜ ਇਸ ਭਾਰਤ ਦਾ ਮੂਲ ਨਿਵਾਸੀ ਹੈ, ਆਦਿ-ਵਾਸੀ ਹੈ, ਇਹ ਆਦਿ ਤੋਂ ਹੀ ਭਾਵ ਸ਼ੁਰੂ ਤੋਂ ਹੀ ਧਰਮ ਨੂੰ ਮੰਨਦੇ ਆ ਰਹੇ ਹਨ। ਇਸ ਕਰਕੇ ਅਸੀਂ ਆਦਿ-ਧਰਮੀ ਹਾਂ। ਸਾਡਾ ਧਰਮ ਆਦਿ-ਧਰਮ ਹੈ। ਸੋ ਸਾਨੂੰ ਆਦਿ-ਧਰਮੀ ਹੀ ਕਹਿਣਾ ਅਤੇ ਲਿਖਾਉਣਾ ਚਾਹੀਦਾ ਹੈ। ਆ-ਧਰਮੀ ਨਹੀਂ।

# ਆਦਿ-ਧਰਮ ਅਪਣਾਉਣਾ ਜ਼ਰੂਰੀ ਹੈ

*—ਅਮਰਜੀਤ ਸਿੰਘ ਬਿੱਲਾ*

ਇਹ ਇਕ ਅਟੱਲ ਸੱਚਾਈ ਹੈ ਕਿ ਦਲਿਤ ਸਮਾਜ ਨੂੰ ਜਾਗਰੂਕ ਕਰਨ, ਉੱਚਾ ਚੁੱਕਣ ਅਤੇ ਸੰਗਠਿਤ ਕਰਨ ਲਈ ਕਿਸੇ ਚੰਗੇ ਧਰਮ ਦੀ ਅਤੀ ਜ਼ਰੂਰਤ ਹੈ। ਅੱਜ ਸਾਡਾ ਸਮਾਜ ਧਰਮ ਦੇ ਮਾਮਲੇ ਵਿਚ ਡਾਵਾਂ ਡੋਲ ਖੜ੍ਹਾ ਹੈ। ਸਾਡਾ ਆਪਣਾ ਧਰਮ ਕੋਈ ਨਹੀਂ ਹੈ। ਪਹਿਲਾਂ ਅਸੀਂ ਹਿੰਦੂ ਸਾਂ ਪਰ ਜਦੋਂ ਤੋਂ ਅਸੀਂ ਹਿੰਦੂ ਧਾਰਮਿਕ ਗ੍ਰੰਥਾਂ ਅਤੇ ਸਮਾਜ ਵਲੋਂ ਸਾਡੇ ਦਲਿਤ ਸਮਾਜ ਵਿਰੁੱਧ ਜਾਰੀ ਕੀਤੇ ਫਤਵਿਆਂ ਨੂੰ ਜਾਣਿਆ ਹੈ ਅਤੇ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ, ਉਨ੍ਹਾਂ ਦੇ ਵਿਸ਼ਵਵਾਦੀ ਸਿਧਾਂਤਾਂ ਅਤੇ ਵਿਸ਼ਵ ਰਾਜ (ਬੇਗਮਪੁਰੇ) ਨੂੰ ਸਮਝਿਆ ਹੈ, ਅਸੀਂ ਇਸ ਧਰਮ ਨੂੰ ਤਿਆਗ ਦਿੱਤਾ ਹੈ। ਇਸ ਕਰਕੇ ਸਾਡਾ ਅਣਖੀਲਾ ਮਨੁੱਖ ਇਕ ਪਲ ਵੀ ਇਸ ਧਰਮ ਵਿਚ ਨਹੀਂ ਟਿਕ ਸਕਦਾ। ਇਹੀ ਕਾਰਨ ਹੈ ਕਿ ਸਾਡੇ ਸਮਾਜ ਦੇ ਲੋਕਾਂ ਨੇ ਹੋਰ-ਹੋਰ ਧਰਮ ਅਪਣਾ ਲਏ ਹਨ ਪਰੰਤੂ ਦੂਸਰਾ ਧਰਮ ਅਪਣਾ ਕੇ ਵੀ ਉਨ੍ਹਾਂ ਨੂੰ ਚਮਾਰਪੁਣੇ ਜਾਂ ਸ਼ੂਦਰਪੁਣੇ ਤੋਂ ਮੁਕਤੀ ਨਹੀਂ ਮਿਲੀ।

ਜਦੋਂ ਕਿਸੇ ਵੀ ਪਾਸਿਉਂ ਸਾਡੇ ਸਮਾਜ ਨੂੰ ਧਾਰਮਿਕ, ਸਮਾਜਿਕ ਤੇ ਆਰਥਿਕ ਬਰਾਬਰਤਾ ਨਾ ਮਿਲੀ ਤਾਂ ਸਰਵ ਸ੍ਰੀ ਬਾਬੂ ਮੰਗੂਰਾਮ ਮੁਗੋਵਾਲ ਜੀ ਨੇ 11-12 ਜੂਨ 1926 ਈਸਵੀ ਨੂੰ ਸ਼੍ਰਮਣ ਧਰਮ ਜਿਸ ਨੂੰ ਅਵੈਦਿਕ ਧਰਮ ਵੀ ਕਿਹਾ ਗਿਆ ਹੈ, ਜਿਹੜਾ ਕਿ ਸਾਡਾ ਆਪਣਾ ਆਦਿਵਾਸੀਆਂ ਦਾ ਧਰਮ ਸੀ, ਨੂੰ ਮੁੜ ਸੁਰਜੀਤ ਕਰਕੇ ਇਸ ਦਾ ਨਾਮ 'ਆਦਿ ਧਰਮ' ਰੱਖ ਦਿੱਤਾ, ਜਿਸ ਦੇ ਬਾਨੀ ਮਹਾਂਰਿਸ਼ੀ ਬਾਲਮੀਕ, ਗੁਰੂ ਰਵਿਦਾਸ, ਗੁਰੂ ਨਾਮਦੇਵ ਤੇ ਗੁਰੂ ਕਬੀਰ ਨੂੰ ਮੰਨਿਆ, ਜਿਸ ਦਾ ਸ਼ੁੱਭ ਕਾਮਨਾ ਸੰਦੇਸ਼ 'ਜੈ ਗੁਰਦੇਵ' ਅਤੇ ਪਵਿੱਤਰ ਸ਼ਬਦ 'ਸੋਹੰ' ਐਲਾਨ ਕੀਤਾ।

ਸੋ ਸਪੱਸ਼ਟ ਹੈ ਕਿ ਇਨ੍ਹਾਂ ਬਾਨੀ ਮਹਾਂ ਗੁਰੂਆਂ ਦੀ ਔਲਾਦ ਦਾ ਧਰਮ ਆਦਿ-ਧਰਮ ਹੀ ਹੈ। ਲੋੜ ਹੈ ਆਪਣੀ ਇਸ ਜਾਤੀ ਮਾਨਸਿਕ ਬਿਮਾਰੀ ਨੂੰ ਤਿਆਗ ਕੇ ਆਦਿ-ਧਰਮ ਨੂੰ ਅਪਣਾਉਣ ਅਤੇ ਸੰਗਠਿਤ ਹੋਣ ਦੀ।

* * *

ਗੀਤ

## ਬੇਗ਼ਮ ਪੁਰਾ ਸ਼ਹਿਰ

—ਲੇਖਕ : ਮਹਿੰਦਰ ਸੰਧੂ ਮਹੇੜੂ

ਜਿੱਥੇ ਕਿਸੇ ਨੂੰ ਕੋਈ ਦਬਕਾਵੇ ਨਾ, ਕੋਈ ਹੱਕ ਕਿਸੇ ਦਾ ਖਾਵੇ ਨਾ।
ਜਿਥੇ ਨਾ ਕੋਈ ਉਚ ਤੇ ਨੀਚ ਹੋਵੇ, ਨਾ ਗੱਲ ਕੋਈ ਡਰਨ ਡਰਾਉਣੇ ਦੀ—
ਰਵਿਦਾਸ ਗੁਰੂ ਫੁਰਮਾਉਂਦੇ ਨੇ ਗੱਲ ਬੇਗਮਪੁਰਾ ਸ਼ਹਿਰ ਵਸਾਉਣੇ ਦੀ।

ਨਾ ਟੈਕਸ ਲੱਗੇ ਕਿਸੇ ਚੀਜ਼ ਉਤੇ, ਜਿਥੇ ਮਾਮਲਾ ਕੋਈ ਉਗਰ੍ਹਾਵੇ ਨਾ।
ਕੰਮ ਫ਼ਰਜ਼ ਸਮਝ ਕੇ ਕਰਨ ਸਾਰੇ, ਜਿਥੇ ਅਹਿਸਾਨ ਕੋਈ ਵੀ ਜਤਾਵੇ ਨਾ।
ਜਿਥੇ ਵਾਂਗ ਭਰਾਵਾਂ ਵੱਸਣ ਸਾਰੇ, ਕੋਈ ਲੋੜ ਨਹੀਂ ਲੁੱਟਣ ਲੁਟਾਉਣੇ ਦੀ—
ਰਵਿਦਾਸ ਗੁਰੂ ਫੁਰਮਾਉਂਦੇ ਨੇ ਗੱਲ... ... ... ... ...

ਜਿਥੇ ਹੋਣ ਅਦਾਲਤਾਂ ਸੱਚ ਦੀਆਂ, ਲੱਗ ਜਾਵੇ ਰੋਕ ਗੁਨਾਹਾਂ 'ਤੇ।
ਨੇਕੀ ਦੇ ਹੋਣ ਵਣਜ ਜਿੱਥੇ, ਕੋਈ ਸ਼ੱਕ ਨਾ ਕਰੇ ਨਿਗਾਹਾਂ 'ਤੇ।
ਜਿਥੇ ਕਿਸੇ ਨਾਲ ਕੋਈ ਰੁੱਸੇ ਨਾ, ਕਿਸੇ ਨੂੰ ਗੱਲ ਮਨਾਉਣੇ ਦੀ—
ਰਵਿਦਾਸ ਗੁਰੂ ਫੁਰਮਾਉਂਦੇ ਨੇ ਗੱਲ... ... ... ... ...

ਜਿਥੇ ਰਹਿਣ ਬਹਾਰਾਂ ਨੱਚਦੀਆਂ, ਕੋਈ ਪਤਝੜ ਦੀ ਰੁੱਤ ਆਵੇ ਨਾ।
ਜਿਥੇ 'ਗੁਰਮੁਖ' ਵਾਲਾ ਸਭ ਹੋਵੇ ਕੋਈ ਮਨਮੁੱਖ ਨਜ਼ਰੀਂ ਆਵੇ ਨਾ।
ਅੱਜ ਕਹੇ 'ਮਹਿੰਦਰ ਸੰਧੂ' ਵੀ, ਹੈ ਲੋੜ ਗੁਰੂ ਜੱਸ ਗਾਉਣੇ ਦੀ—
ਰਵਿਦਾਸ ਗੁਰੂ ਫੁਰਮਾਉਂਦੇ ਨੇ ਗੱਲ... ... ... ... ...

* * *

ਨੋਟ—ਮਹਿੰਦਰ ਸੰਧੂ ਮਹੇੜੂ ਦੇ ਧਾਰਮਿਕ ਗੀਤਾਂ ਦੀ ਕੈਸੇਟ 'ਮੀਰਾ ਫੇਰਦੀ ਮਾਲਾ' ਸਾਡੇ ਪਾਸੋਂ ਅੱਧੀ ਕੀਮਤ (20 ਰੁਪਏ) 'ਤੇ ਮਿਲ ਸਕਦੀ ਹੈ।

(ਗੀਤ)

# ਸੀਰ ਗੋਵਰਧਨਪੁਰ

—ਬਲਵੀਰ ਹੀਰ

ਸਤਿਗੁਰੂ ਰਵਿਦਾਸ ਬਿਨਾਂ ਮੇਰਾ ਕੋਈ ਨਾ ਹੋਰ ਸਹਾਰਾ।
ਸੀਰ ਗੋਵਰਧਨਪੁਰ ਵਿਚ ਵੱਸਦਾ ਮਾਂ ਕਲਸੀ ਦਾ ਤਾਰਾ।

ਜਾਤ ਪਾਤ ਤੇ ਹਉਮੈ ਖ਼ਾਲੀ, ਮਾਏਂ ਵਿਖਾ ਨਾ ਝੰਡੀ।
ਧਰਮ ਦੇ ਠੇਕੇਦਾਰਾਂ ਪਾਈ, ਦੁਨੀਆਂ ਦੇ ਵਿਚ ਵੰਡੀ।
ਲੱਗ ਜਾ ਮਾਏ ਗੁਰੂ ਦੇ ਚਰਨੀਂ, ਪਾਉਣਾ ਜੇ ਛੁਟਕਾਰਾ—
ਸੀਰ ਗੋਵਰਧਨਪੁਰ ... ... ... ...

ਧਰ ਧਿਆਨ ਮਨ ਮੰਦਿਰ ਦੇ ਵਿਚ, ਉਸਦੀ ਜੋਤ ਜਗਾ ਲੈ।
ਪਤਝੜ ਵਰਗੇ ਜੀਵਨ ਵਿਚੋਂ, ਅੰਧਕਾਰ ਤੂੰ ਮਿਟਾ ਲੈ।
ਦੋਰੀ ਵਿਚੋਂ ਅੰਮ੍ਰਿਤ ਪੀ ਲੈ ਕੰਮ ਨਹੀਂ ਕੋਈ ਭਾਰਾ—
ਸੀਰ ਗੋਵਰਧਨਪੁਰ ... ... ... ...

ਕਾਂਸ਼ੀ ਵਾਲੇ ਅੱਗੇ ਤੇਰੀ, ਚੱਲਣੀ ਨਾ ਚਤੁਰਾਈ।
ਛੱਡ ਦੇ ਮਾਣ ਹੰਕਾਰ ਤੂੰ ਮਾਏ, ਜਾਵਾਂ ਮੈਂ ਸਮਝਾਈ।
ਚੰਗਾ ਕਰਮ ਕਮਾ ਲੈ, ਜੀਵਨ ਮਿਲਣਾ ਨਹੀਂ ਦੁਬਾਰਾ—
ਸੀਰ ਗੋਵਰਧਨਪੁਰ ... ... ... ...

ਸਾਧ ਸੰਗਤ ਨੂੰ ਮੇਰੇ ਸਤਿਗੁਰ, ਬਖ਼ਸ਼ ਦਿੱਤੀ ਵਡਿਆਈ।
ਨਾਮ ਤੇਰੋ ਆਰਤੀ ਗਾਉਂਦੇ, ਰਲਕੇ ਮਾਈ ਭਾਈ।
'ਬਲਵੀਰ ਹੀਰ' ਨੇ ਦੇਖਿਆ ਉਹਦੇ, ਦਰ ਦਾ ਅਜਬ ਨਜ਼ਾਰਾ—
ਸੀਰ ਗੋਵਰਧਨਪੁਰ ... ... ... ...

* * *

## ਸਹਾਇਤਾ ਦੇਣ ਵਾਲੇ ਗੁਰੂ ਪ੍ਰੇਮੀ

| | | | |
|---|---|---|---|
| ਸ੍ਰੀ ਮਹਿੰਦਰ ਸੰਧੂ ਮਹੇੜੂ | 3000/- | ਸ੍ਰੀ ਪਰਮਜੀਤ ਵਿਰਦੀ ਜੀ | 500/- |
| ਸ: ਮੱਘਰ ਸਿੰਘ ਜੀ | 1000/- | ਸ੍ਰੀ ਅਸ਼ਵਨੀ ਹੀਰ ਜੀ | 500/- |
| ਸ੍ਰੀ ਸਤਪਾਲ ਜੱਸੀ ਜੀ | 500/- | ਸ੍ਰੀ ਸਾਲਿਗ ਰਾਮ ਜੀ | 100/- |
| ਸ੍ਰੀ ਕਾਂਸ਼ੀ ਰਾਮ ਕਲੇਰ ਜੀ | 600/- | ਸ੍ਰੀ ਚਰਨ ਦਾਸ ਖ਼ੁਰਲਾ ਕਿੰਗਰਾ | 100/- |

ਟਾਈਪ ਸੈਟਿੰਗ—ਸੁਰਜੀਤ ਕੰਪਿਊਟਰਜ਼, ਬਸਤੀ ਸ਼ੇਖ, ਜਲੰਧਰ। ਫੋਨ—2203346
ਛਾਪਕ—ਪਰਿਵਰਤਨ ਪ੍ਰੈਸ, ਜਲੰਧਰ।

# ਨਗਰ ਕੀਰਤਨ ਤੇ ਅਸੀਂ

ਗੁਰੂ ਰਵਿਦਾਸ ਜੀ ਦੇ ਆਗਮਨ ਪੁਰਬ ਤੋਂ ਇਕ ਦਿਨ ਪਹਿਲਾਂ ਸਾਡੇ ਪਿੰਡਾਂ ਤੇ ਸ਼ਹਿਰਾਂ ਵਿਚ ਨਗਰ ਕੀਰਤਨ ਕੱਢਿਆ ਜਾਂਦਾ ਹੈ। ਇਸ ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰੇ ਅਤੇ ਗੁਰੂ ਗ੍ਰੰਥ ਸਾਹਿਬ ਕਰਦੇ ਹਨ। ਕਈ ਥਾਵਾਂ 'ਤੇ ਗੁਰੂ ਰਵਿਦਾਸ ਜੀ ਦੀ ਪਾਵਨ ਫੋਟੋ ਦੁਆਰਾ ਵੀ ਅਗਵਾਈ ਕੀਤੀ ਜਾਂਦੀ ਹੈ।

ਸਾਨੂੰ ਕਈ ਗੁਰੂ ਪ੍ਰੇਮੀਆਂ ਨੇ ਇਹ ਸ਼ਿਕਾਇਤ ਕੀਤੀ ਅਤੇ ਟ੍ਰੈਕਟ ਵਿਚ ਛਾਪਣ ਲਈ ਵੀ ਕਿਹਾ ਹੈ ਕਿ ਸਾਡੇ ਲੋਕ ਇਸ ਨਗਰ ਕੀਰਤਨ ਵਿਚ ਸ਼ਰਾਬ ਅਤੇ ਹੋਰ ਨਸ਼ੇ ਸੇਵਨ ਕਰਕੇ ਧੋਰੂ ਪਾਉਂਦੇ ਤੇ ਹੋਏ-ਹੋਏ ਕਰਦੇ ਹਨ। ਵੱਡੇ ਸ਼ਹਿਰਾਂ ਵਿਚ ਇਸ ਤਰ੍ਹਾਂ ਜ਼ਿਆਦਾ ਹੁੰਦਾ ਹੈ। ਲੋਕ ਸ਼ਰਾਬਾਂ ਪੀ ਕੇ ਢੋਲ ਦੇ ਡੱਗੇ 'ਤੇ ਸ਼ੋਰ-ਸ਼ਰਾਬਾ ਕਰਦੇ ਹਨ। ਅਸੀਂ ਜਿਸ ਗੁਰੂ ਦੇ ਮਿਸ਼ਨ ਪ੍ਰਚਾਰ ਲਈ ਨਗਰ ਕੀਰਤਨ ਕੱਢ ਰਹੇ ਹੁੰਦੇ ਹਾਂ ਉਸੇ ਗੁਰੂ ਨੇ ਹੀ ਸ਼ਰਾਬ ਅਤੇ ਹੋਰ ਨਸ਼ਿਆਂ ਦਾ ਆਪਣੀ ਬਾਣੀ ਵਿਚ ਜ਼ੋਰਦਾਰ ਖੰਡਨ ਕੀਤਾ ਹੋਇਆ ਹੈ, ਪਰ ਅਸੀਂ ਹਾਂ ਕਿ ਉਹੀ ਨਸ਼ੇ ਸੇਵਨ ਕਰਕੇ ਨਗਰ ਕੀਰਤਨ ਲਈ ਤੁਰ ਪੈਂਦੇ ਹਾਂ। ਗੁਰੂ ਸਾਹਿਬ ਦਾ ਮਲਾਰ ਰਾਗ ਵਿਚ ਫ਼ੁਰਮਾਨ ਹੈ—

ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ,
ਸੰਤ ਜਨ ਕਰਤ ਨਹੀ ਪਾਨੰ ॥ (ਗੁਰੂ ਗ੍ਰੰਥ ਸਾਹਿਬ, ਪੰਨਾ ੧੨੯੩)

ਭਾਵ ਸ਼ਰਾਬ ਭਾਵੇਂ ਗੰਗਾ ਜਲ ਤੋਂ ਬਣਾਈ ਜਾਵੇ ਫਿਰ ਵੀ ਸੰਤ ਜਨ ਉਸ ਨੂੰ ਪੀਂਦੇ ਨਹੀਂ ਹਨ ਭਾਵ ਉਹ ਪੀਣਯੋਗ ਨਹੀਂ ਹੈ।

ਪਰ ਅਸੀਂ ਇਸੇ ਨਗਰ ਕੀਰਤਨ ਵਿਚ ਗੁਰੂ ਸਾਹਿਬ ਦੇ ਇਸ ਹੁਕਮਨਾਮੇ ਦੀ ਉਲੰਘਣਾ ਕਰ ਰਹੇ ਹੁੰਦੇ ਹਾਂ, ਜੋ ਕਿ ਕਦਾਚਿਤ ਠੀਕ ਨਹੀਂ। ਇਹ ਵੀ ਦੇਖਿਆ ਜਾਂਦਾ ਹੈ ਕਿ ਕਈ ਲੋਕ ਇਕੋ ਕਿਸਮ ਦੀਆਂ ਵਰਦੀਆਂ ਪਾ ਕੇ, ਟਾਈਆਂ ਲਗਾ ਕੇ ਟਰਾਲੀਆਂ ਜਾਂ ਗੱਡੀਆਂ ਵਿਚ ਭੰਗੜੇ ਪਾਉਂਦੇ ਜਾਂਦੇ ਹਨ ਜਿਵੇਂ ਕਿਸੇ ਸੱਭਿਆਚਾਰਕ ਪ੍ਰੋਗਰਾਮ 'ਤੇ ਤੁਰੇ ਹੋਣ। ਕੀ ਇਸ ਨੂੰ ਨਗਰ ਕੀਰਤਨ ਕਿਹਾ ਜਾ ਸਕਦਾ ਹੈ? ਕੀ ਗੁਰੂ ਨਾਨਕ ਦੇਵ ਜਾਂ ਗੁਰੂ ਗੋਬਿੰਦ ਸਿੰਘ ਜੀ ਦੇ ਨਗਰ ਕੀਰਤਨ 'ਤੇ ਕਦੇ ਅਜਿਹਾ ਦੇਖਿਆ ਹੈ? ਇਹ ਨਗਰ ਕੀਰਤਨ, ਕੋਈ ਰੰਗਾ-ਰੰਗ ਪ੍ਰੋਗਰਾਮ ਜਾਂ ਸੱਭਿਆਚਾਰਕ ਪ੍ਰੋਗਰਾਮ ਨਹੀਂ। ਇਸ ਨਗਰ ਕੀਰਤਨ ਵਿਚ ਸਾਡੇ ਉੱਪਰ ਗੁਰੂ ਗ੍ਰੰਥ ਸਾਹਿਬ, ਗੁਰੂ ਰਵਿਦਾਸ ਜੀ ਦਾ ਹੁਕਮ ਲਾਗੂ ਹੋ ਰਿਹਾ ਹੁੰਦਾ ਹੈ ਜਿਸ 'ਤੇ ਅਸੀਂ ਕਦੇ ਵੀ ਆਪਣੀ ਮਨ-ਮਾਨੀ ਨਹੀਂ ਚਲਾ ਸਕਦੇ। ਸਾਨੂੰ ਹਰ ਹਾਲਤ ਵਿਚ ਗੁਰੂ ਰਵਿਦਾਸ ਵਿਚਾਰਧਾਰਾ ਅਨੁਸਾਰ ਹੀ ਚੱਲਣਾ ਪਵੇਗਾ। ਠੀਕ ਹੈ ਕਿ ਅਗਰ ਖੁਸ਼ੀ ਮਨਾਉਣੀ ਹੈ ਤਾਂ ਆਪੋ-ਆਪਣੇ ਘਰਾਂ ਵਿਚ ਭੰਗੜੇ ਪਾਏ ਜਾ ਸਕਦੇ ਹਨ। ਪਰ ਇਕ ਵਿਸ਼ਵ-ਪੱਧਰੀ ਵਿਚਾਰਧਾਰਾ ਵਾਲੇ ਨਗਰ ਕੀਰਤਨ ਵਿਚ ਕਿਸੇ ਦੀ ਸਵੈ-ਇੱਛਾ ਨਹੀਂ ਚੱਲ ਸਕਦੀ।

ਕੁਝ ਵਿਦਵਾਨ ਲੋਕ ਇਸ 'ਤੇ ਡਾਹਢਾ ਦੁੱਖ ਵਿਅਕਤ ਕਰਦੇ ਹਨ। ਅਸੀਂ ਤਾਂ ਨਗਰ ਕੀਰਤਨ 'ਤੇ ਜਾ ਰਹੇ ਹੁੰਦੇ ਹਾਂ। ਸਾਨੂੰ ਗੁਰੂ ਸਾਹਿਬ ਦੇ ਪਾਵਨ ਸ਼ਬਦਾਂ ਦਾ ਕੀਰਤਨ ਕਰਨਾ ਹੁੰਦਾ ਹੈ, ਜਾਂ ਫਿਰ ਅਸੀਂ ਗੁਰੂ ਸਾਹਿਬ ਦੇ ਉਸਤਤੀ ਗੁਣ-ਗਾਨ ਕਰ ਸਕਦੇ ਹਾਂ, ਸਤਿਨਾਮ ਵਾਹਿਗੁਰੂ ਦਾ ਜਾਪ ਕਰ ਸਕਦੇ ਹਾਂ। ਸਾਨੂੰ ਗੁਰੂ ਰਵਿਦਾਸ ਜੀ ਦੀ ਸ਼ੋਭਾ ਵਧਾਉਣੀ ਚਾਹੀਦੀ ਹੈ ਨਾ ਕਿ ਘਟਾਉਣੀ। ਸੋ ਅਸੀਂ ਬੇਨਤੀ ਕਰਦੇ ਹਾਂ ਕਿ ਕੋਈ ਵੀ ਸੱਜਣ ਨਗਰ ਕੀਰਤਨ ਤੇ ਸ਼ਰਾਬ ਜਾਂ ਹੋਰ ਨਸ਼ੇ ਸੇਵਨ ਕਰਕੇ ਨਾ ਜਾਵੇ।

**ਜਲੂਸ ਨਹੀਂ ਨਗਰ ਕੀਰਤਨ**—ਕੁਝ ਲੋਕ ਨਗਰ ਕੀਰਤਨ ਨੂੰ ਜਲੂਸ ਕੱਢਣਾ ਜਾਂ ਜਲੂਸ ਜਾ ਰਿਹਾ ਆਦਿ ਕਹਿੰਦੇ ਹਨ, ਜੋ ਕਿ ਬਿਲਕੁਲ ਗਲਤ ਹੈ। ਉਦਾਹਰਨ ਦੇ ਤੌਰ ਤੇ ਜੇਕਰ ਕਿਸੇ ਦਾ ਅਪਮਾਨ ਕਰ ਦੇਵੇ ਤਾਂ ਅੱਗੋਂ ਉਹ ਕਹਿੰਦਾ ਹੈ ਕਿ ਯਾਰ! ਤੂੰ ਤਾਂ ਮੇਰਾ ਜਲੂਸ ਹੀ ਕੱਢ ਦਿੱਤਾ। ਅਗਰ ਕੋਈ ਬੰਦਾ ਬਹੁਤ ਜ਼ਿਆਦਾ ਗੰਦਾ ਕੰਮ ਕਰੇ ਤਾਂ ਕਿਹਾ ਜਾਂਦਾ ਹੈ ਕਿ ਇਸ ਦਾ ਮੂੰਹ ਕਾਲਾ ਕਰਕੇ ਜਲੂਸ ਕੱਢੋ ਤਾਂ ਕਿ ਇਹ ਮੁੜ ਕੇ ਅਜਿਹਾ ਗੰਦਾ ਕੰਮ ਨਾ ਕਰੇ। ਸੋ ਸਾਫ਼ ਸਪੱਸ਼ਟ ਹੈ ਕਿ ਸਾਡੀ ਭਾਸ਼ਾ ਵਿਚ ਜਲੂਸ ਸ਼ਬਦ ਦੀ ਵਰਤੋਂ ਜ਼ਿਆਦਾਤਰ ਬੇਅਦਬੀ (ਬੇਇੱਜ਼ਤੀ) ਪ੍ਰਗਟਾਉਣ ਲਈ ਕੀਤੀ ਜਾਂਦੀ ਹੈ ਜਾਂ ਫਿਰ ਕਿਸੇ ਇਕੱਠ ਨੂੰ ਕਿਹਾ ਜਾਂਦਾ ਹੈ ਬਈ! ਬੜਾ ਜਲੂਸ ਇਕੱਠਾ ਹੋਇਆ ਹੈ। ਇਸ ਕਰਕੇ ਸਾਨੂੰ ਇਹ ਸ਼ਬਦ ਨਗਰ ਕੀਰਤਨ ਦੀ ਥਾਂ ਕਦਾਚਿਤ ਵੀ ਨਹੀਂ ਵਰਤਣਾ ਚਾਹੀਦਾ। ਸੋ ਸਾਨੂੰ ਨਗਰ ਕੀਰਤਨ ਜਾਂ ਸ਼ੋਭਾ ਯਾਤਰਾ ਹੀ ਕਹਿਣਾ ਚਾਹੀਦਾ ਹੈ।

—ਚਰਨਜੀਤ ਸਿੰਘ ਬਿਨਪਾਲਕੇ

# ਜ਼ਰੂਰੀ ਬੇਨਤੀਆਂ

– ਸਾਡੀ ਸਭਾ ਵਲੋਂ ਪ੍ਰਕਾਸ਼ਿਤ ਗੁਰੂ ਰਵਿਦਾਸ ਜੀ ਦੀ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਬਾਣੀ ਦਾ ਗੁਟਕਾ ਸਾਹਿਬ ਤੁਸੀਂ 5 ਰੁਪਏ ਦੀਆਂ ਡਾਕ-ਟਿਕਟਾਂ ਭੇਜ ਕੇ ਮੰਗਵਾ ਸਕਦੇ ਹੋ। ਅਗਰ ਇਹੀ ਗੁਟਕੇ ਸਾਹਿਬ ਤੁਸੀਂ ਆਪਣੇ ਇਲਾਕੇ ਦੀਆਂ ਸੰਗਤਾਂ ਨੂੰ ਮੁਫਤ ਵੰਡਣੇ ਚਾਹੁੰਦੇ ਹੋ ਤਾਂ ਇਹ ਸਾਡੇ ਪਾਸੋਂ 300 ਰੁਪਏ ਭੇਟਾ ਦੇ ਕੇ 100 ਗੁਟਕੇ ਸਾਹਿਬ ਮਿਲ ਸਕਦੇ ਹਨ।

– ਇਹ ਹਥਲਾ ਟ੍ਰੈਕਟ ਅਗਰ ਤੁਸੀਂ ਆਪਣੇ ਇਲਾਕੇ ਦੀਆਂ ਸੰਗਤਾਂ ਨੂੰ ਮੁਫਤ ਵੰਡਣਾ ਚਾਹੁੰਦੇ ਹੋ ਤਾਂ ਇਹ ਸਾਡੇ ਪਾਸੋਂ 150 ਰੁਪਏ ਸੈਂਕੜਾ ਦੇ ਹਿਸਾਬ ਨਾਲ ਮਿਲ ਸਕਦਾ ਹੈ।

– ਕਿਰਪਾ ਕਰਕੇ ਆਪਣੇ ਕੀਮਤੀ ਸੁਝਾਅ ਸਾਨੂੰ ਚਿੱਠੀ ਰਾਹੀਂ ਲਿਖ ਕੇ ਭੇਜੋ ਤਾਂ ਕਿ ਅਸੀਂ ਹੋਰ ਜ਼ਿਆਦਾ ਵਧੀਆ ਢੰਗ ਨਾਲ ਮਿਸ਼ਨ ਪ੍ਰਚਾਰ ਕਰੀਏ।

– ਸਾਧ ਸੰਗਤ ਜੀ, ਇਸ ਸਭਾ ਦੇ ਮੈਂਬਰ ਆਰਥਿਕ ਪੱਖੋਂ ਕਮਜ਼ੋਰ ਹੀ ਹਨ। ਉਹ ਮਜ਼ਦੂਰ ਜਾਂ ਬੇਰੁਜ਼ਗਾਰ ਹਨ। ਇਹ ਫਰੀ ਟ੍ਰੈਕਟ ਸੇਵਾ ਮੈਂਬਰਾਂ ਦੀ ਤੁਛ ਭੇਟਾ ਜਾਂ ਆਪ ਗੁਰੂ ਪ੍ਰੇਮੀਆਂ ਦੇ ਸਹਿਯੋਗ ਨਾਲ ਹੀ ਕੀਤੀ ਜਾਂਦੀ ਹੈ। ਇਸ ਸਭਾ ਦੀ ਆਮਦਨ ਦਾ ਹੋਰ ਕੋਈ ਸੋਮਾ ਵੀ ਨਹੀਂ ਹੈ। ਸੋ ਆਪਣੀ ਦਸਾਂ ਨਹੁੰਆਂ ਦੀ ਕਿਰਤ ਵਿਚੋਂ ਕੁਝ ਭੇਟਾ ਇਸ ਸਭਾ ਨੂੰ ਫਰੀ ਲਿਟਰੇਚਰ ਸੇਵਾ ਲਈ ਭੇਜੋ ਤਾਂ ਕਿ ਅਸੀਂ ਹੋਰ ਜ਼ਿਆਦਾ ਗੁਰੂ ਰਵਿਦਾਸ ਜੀ ਦੇ ਮਿਸ਼ਨ ਦਾ ਪ੍ਰਚਾਰ ਕਰ ਸਕੀਏ।

*ਸੰਪਰਕ ਲਈ ਪਤਾ :*

**ਰਾਜ ਕੁਮਾਰ 'ਦੜੋਚ' ਦਫ਼ਤਰ ਸਕੱਤਰ**
ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ (ਪੰਜਾਬ)
ਪਿੰਡ ਤੇ ਡਾਕ: ਬਿਨਪਾਲਕੇ ਨੇੜੇ ਭੋਗਪੁਰ
ਜ਼ਿਲ੍ਹਾ ਜਲੰਧਰ-144201 ਫੋਨ—0181-2725408

*ਇਸ ਪਤੇ 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ :*

**ਰਛਪਾਲ ਸਿੰਘ ਬੱਧਣ**
ਐਨ. ਬੀ. 180, ਪ੍ਰੀਤ ਨਗਰ,
ਸੋਢਲ ਰੋਡ, ਜਲੰਧਰ
ਫੋਨ-0181-2490309

---

**ਸਾਲਾਨਾ ਚੋਣ :** ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ (ਪੰਜਾਬ) ਦੀ ਨਵੀਂ ਚੋਣ ਕੀਤੀ ਗਈ। ਨਵੇਂ ਅਹੁਦੇਦਾਰਾਂ ਦੇ ਨਾਂਅ, ਪਤੇ ਹੇਠ ਲਿਖੇ ਹਨ—

1. ਸ: ਰਛਪਾਲ ਸਿੰਘ ਬੱਧਣ (ਪ੍ਰਧਾਨ)
   ਐਨ. ਬੀ. 180, ਪ੍ਰੀਤ ਨਗਰ, ਸੋਢਲ ਰੋਡ, ਜਲੰਧਰ। ਫੋਨ-0181-2490309
2. ਸ੍ਰੀ ਕਾਂਸ਼ੀ ਰਾਮ ਕਲੇਰ (ਸੀਨੀਅਰ ਮੀਤ ਪ੍ਰਧਾਨ)
   ਪਿੰਡ ਤੇ ਡਾ: ਜੰਡੂ ਸਿੰਘਾ, ਜਲੰਧਰ। ਫੋਨ—2700601
3. ਸ੍ਰੀ ਪਰਮਜੀਤ ਵਿਰਦੀ (ਮੀਤ ਪ੍ਰਧਾਨ)
   ਲੰਮਾ ਪਿੰਡ, ਜਲੰਧਰ। ਫੋਨ—2420896
4. ਸ੍ਰੀ ਅਮਰਜੀਤ ਸਿੰਘ ਬਿੱਲਾ (ਜਨਰਲ ਸਕੱਤਰ)
   ਪਿੰਡ ਲੰਗੜੋਆ, ਨਵਾਂ ਸ਼ਹਿਰ। ਫੋਨ—250800 ਪੀ. ਪੀ.
5. ਸ੍ਰੀ ਰਾਜ ਕੁਮਾਰ ਦੜੋਚ (ਦਫਤਰ ਸਕੱਤਰ)
   ਪਿੰਡ ਤੇ ਡਾ: ਬਿਨਪਾਲਕੇ, ਭੋਗਪੁਰ, ਜਲੰਧਰ। ਫੋਨ—0181-2725408
6. ਸ੍ਰੀ ਅਸ਼ਵਨੀ ਕੁਮਾਰ ਹੀਰ (ਖ਼ਜ਼ਾਨਚੀ)
   ਪਿੰਡ ਸਈਪੁਰ, ਜਲੰਧਰ। ਫੋਨ—2491684
7. ਸ੍ਰੀ ਸਾਲਿਗ ਰਾਮ (ਆਡੀਟਰ)
   ਪਿੰਡ ਖੁਰਲਾ ਕਿੰਗਰਾ, ਜਲੰਧਰ। ਫੋਨ-2685540
8. ਸ੍ਰੀ ਅਸ਼ਵਨੀ ਚੌਕੜੀਆ (ਕਾਨੂੰਨੀ ਸਲਾਹਕਾਰ)
   ਲੰਮਾ ਪਿੰਡ, ਜਲੰਧਰ। ਫੋਨ—5086185
9. ਸ: ਮੱਘਰ ਸਿੰਘ (ਮੁੱਖ ਸਲਾਹਕਾਰ)
   ਰਿਟਾ: ਐਸ. ਆਈ. ਪੁਲਿਸ
   ਮੁਹੱਲਾ ਅਟਕ ਨਗਰ, ਲੁਧਿਆਣਾ।
10. ਪ੍ਰੋ: ਲਾਲ ਸਿੰਘ (ਸਲਾਹਕਾਰ)
    576, ਨਿਊ ਮਾਡਲ ਹਾਊਸ, ਜਲੰਧਰ।
11. ਸ੍ਰੀ ਮਹਿੰਦਰਪਾਲ ਮਹੇੜੂ (ਵਿਦੇਸ਼ ਪ੍ਰਤੀਨਿਧ)
    ਪਿੰਡ ਤੇ ਡਾ: ਮਹੇੜੂ, ਜਲੰਧਰ।